# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਸੱਚਾ ਸੌਦਾ, ਚੂਹੜਕਾਣਾ (ਪਾਕਿਸਤਾਨ)



ਜੁਲਾਈ ੧੯੭੫

July 1975

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ਪ.) ਮਿਤੀ ੧੭-੧੦-੬੮ ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ | ਗ਼ਜ਼ਲ ਭਾ: ਨੰਦ ਲਾਲ ਜੀ | ੧ |
| ਧਰਮ ਰਾਇ ਦੀ ਦਰਗਾਹ (੨) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਭਗਤੀ ਦੀ ਲੋਚਾ (ਗ਼ਜ਼ਲ ਦਾ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੭ |
| ਕਾਲ-ਕੋਠੜੀ (ਕਵਿਤਾ) | ਸ: ਹਰਬੰਸ ਸਿੰਘ ਜੀ | ੭ |
| ਪ੍ਰੇਮ ਸੁਨੇਹੜਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੮ |
| ਪਾਖੰਡਿ ਭਗਤਿ ਨ ਹੋਵਈ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੦ |
| ਅਨੋਖੀ ਸਮਝ | ਬੀਬੀ ਇੰਦਰਜੀਤ ਕੌਰ ਜੀ | ੧੧ |
| ਗੁਰਦਵਾਰਾ ਨਾਨਕ ਬਿਲਡਿੰਗ ਚਿਟਾਗਾਂਗ | ਸ: ਹਰਭਜਨ ਸਿੰਘ ਜੀ | ੧੨ |
| ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ | ਸਾਰੰਗ ਜੀ, ਕਪੂਰਥਲਾ | ੧੪ |
| ਕੂਕਿਆਂ ਦੇ ਕੁਫ਼ਰ ਵਿਰੁਧ ਗੁਰਮਤਾ | ਅਖੰਡ ਕੀਰਤਨੀ ਜਥਿਆਂ ਵਲੋਂ | ੧੬ |
| ਨਾਮਧਾਰੀਆਂ ਦੀਆਂ ਵਧੀਕੀਆਂ | ਗਿਆਨੀ ਗੁਰਦਿਤ ਸਿੰਘ ਜੀ | ੧੮ |
| ਨਾਮਧਾਰੀਆਂ ਦੇ ਪਖੰਡ ਪਤਰਾ-ਪਾਠ | ਡਾ: ਤ੍ਰਿਲੋਚਨ ਸਿੰਘ ਜੀ | ੨੫ |
| ਗੁਰਮਤਿ ਵਿਰੁਧ ਚਲਣ ਵਾਲਿਆਂ ਸੱਜਣਾਂ ਨੂੰ ਰੋਕੋ | ਬਾਬਾ ਗੁਰਮੁਖ ਸਿੰਘ ਜੀ | ੨੮ |
| ਕੂਕਾ ਕੁਫ਼ਰ-ਤੋੜ ਕਾਨਫ਼ਰੰਸ ਦੂਲਏ | ਸੂਰਾ ਪਰਵਾਰ | ੨੯ |
| ਗੁਰਮਤਿ ਸੋਧਾਂ | ਭਾਈ ਸਾਹਿਬ ਰਣਧੀਰ ਸਿੰਘ ਜੀ | ੩੦ |
| ਕਿਰਪਾਨ ਬਹਾਦਰ ਤੇ ਦਾੜ੍ਹਾ ਬਹਾਦਰ | ਸ: ਸੇਵਾ ਸਿੰਘ ਜੀ 'ਸੇਵਕ' | ੩੧ |
| ਮਨਮਤ ਤਿਆਗੋ ਤੇ ਗੁਰਮਤਿ ਅਪਣਾਓ | ... ... | ੩੩ |
| ਰਾਣੀ ਖੇਖਰਾਂ | ਸ: ਵਰਿਆਮ ਸਿੰਘ ਜੀ, ਦਿੱਲੀ | ੩੪ |
| ਡਾਕਟਰ ਤੇ ਲੋਕ-ਸੇਵਾ | ਡੀ. ਐਸ. ਲਾਇਲਪੁਰੀ | ੩੬ |
| ਸਿਖੀ ਪਰਚਾਰ ਕਿ ਫਿਲਮੀ ਪਰਚਾਰ | ਗੁਰਮਤਿ ਵਿਚਾਰ ਪਤ੍ਰਕਾ | ੩੭ |
| ਕੂਕਿਆਂ ਦੇ ਕੁਫ਼ਰ ਵਿਰੁਧ ਸੰਗਤਾਂ ਦਾ ਜੋਸ਼ | ਸੂਰਾ ਪਰਵਾਰ | ੩੮ |
| ਕੂਕਿਆਂ ਦੇ ਕੁਫ਼ਰ (੨) | ,, | ੩੯ |
| ਕਰਾਮਾਤ (ਸ਼ਹੀਦੀ ਗੁਰੂ ਅਰਜਨ ਦੇਵ ਜੀ) | ਸ: ਤਰਲੋਚਨ ਸਿੰਘ, ਦਿੱਲੀ | ੪੧ |
| ਅਨੇਕਾਂ ਲੋਕਾਂ ਦਾ ਸ਼ਰਾਬ ਮਾਸ ਛਡਣ ਦਾ ਪ੍ਰਣ | ਗੁਰਮਤਿ ਵਿਚਾਰ ਪਤ੍ਰਕਾ | ੪੧ |


ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 5...

www.AKJ.org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹਿ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੬੦ ਪੈਸੇ

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ੧ ਜੁਲਾਈ ੧੯੭੫ | ਅੰਕ ੭

## ਮੇਰੇ ਪ੍ਰੀਤਮਾ, ਹਉ ਜੀਵਾ ਨਾਮੁ ਧਿਆਇ

*ਹਵਾਏ[1] ਬੰਦਗੀ ਆਵੁਰਦ[2], ਦਰ ਵਜੂਦ ਮਰਾ ॥
ਵਗਰਨਹ, ਜ਼ੌਕਿ[3] ਚੁਨੀਂ[4] ਆਮਦਨ, ਨਬੂਦ ਮਰਾ ॥੧॥
ਖ਼ੁਸ਼ ਅਸਤ ਉਮਰ ਕਿ ਦਰ ਯਾਦ ਬਿਗੁਜ਼ਰਦ, ਵਰਨਾ–
ਚਿ ਹਾਸਿਲ ਅਸਤ, ਅਜ਼ੀਂ[5] [6]ਗੁੰਬਦਿ ਕਬੂਦ ਮਰਾ ॥੨॥
ਦਰ ਆਂ ਜ਼ਮਾਂ ਕਿ ਨਿਆਈ[7] ਬ-ਯਾਦ, ਮੇ ਮੀਰਮ[8] ॥
ਬਗ਼ੈਰ ਯਾਦਿ ਤੋ, ਜ਼ੀਂ ਜ਼ੀਸਤਨ[9] [10]ਚਿ ਸੂਦ ਮਰਾ ॥੩॥
ਫ਼ਿਦਾ ਅਸਤ ਜਾਨੋ ਦਿਲਿ ਮਨ, ਬ-ਖ਼ਾਕਿ [11]ਮੁਕੱਦਮਿ ਪਾਕ,
ਹਰ ਆਂ ਕਸੇ ਕਿ [12]ਬਸੂਇ ਤੋ, ਰਹ ਨਮੂਦ[13] ਮਰਾ ॥੪॥
ਨ-ਬੂਦ ਹੇਚ[14] ਨਿਸ਼ਾਂਹਾ, ਜ਼ਿ ਆਸਮਾਨੋ ਜ਼ਮੀਂ।
ਕਿ ਸ਼ੌਕਿ ਰੂਏ ਤੋ, ਆਵੁਰਦ [15]ਦਰ ਸਜੂਦ ਮਰਾ ॥੫॥
ਬਗ਼ੈਰ ਯਾਦਿ ਤੋ, ਗੋਇਆ, ਨਮੇ [16]ਤਵਾਨਮ ਜ਼ੀਸਤ।
ਬਸੂਏ ਦੋਸਤ, ਰਿਹਾਈ ਦਿਹੰਦ, ਜ਼ੂਦ[17] ਮਰਾ ॥੬॥

[ਗ਼ਜ਼ਲਾਂ ਭਾ: ਨੰਦ ਲਾਲ ਜੀ

*ਇਸ ਗ਼ਜ਼ਲ ਦਾ ਪੰਜਾਬੀ ਉਲਥਾ ਵੇਖੋ ਸਫ਼ਾ ੭ ਤੇ।

੧.ਇਛਾ। ੨.ਲਿਆਈ। ੩.ਚਾਅ। ੪.ਅਜਿਹਾ। ੫.ਇਸ। ੬.ਨੀਲਾ ਆਕਾਸ਼। ੭.ਨਹੀਂ ਆਉਂਦਾ। ੮. ਮੈਂ ਮਰ ਜਾਂਦਾ ਹਾਂ। ੯. ਜੀਉਣਾ। ੧੦. ਕੀ ਲਾਭ। ੧੧. ਚਰਨ ਰਖਣ ਦੀ ਪਵਿਤਰ ਥਾਂ। ੧੨. ਤੇਰੇ ਪਾਸੇ। ੧੩. ਦਿਖਾਏ। ੧੪. ਕੋਈ। ੧੫. ਸਜਦੇ ਵਿਚ। ੧੬. ਜੀ ਸਕਦਾ। ੧੭. [illegible]

www.AKJ.Org

# ਧਰਮ ਰਾਇ ਦੀ ਦਰਗਾਹ (੨)

[ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਜਿਨ੍ਹਾਂ ਨੇ ਗੁਰਦੀਖਿਆ ਲੈ ਕੇ, ਗੁਰੂ ਕੇ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁਖਾ-ਜਨਮ ਬਿਰਥਾ ਹੀ ਗਵਾਇਆ ਹੈ। ਉਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅੱਗੇ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅਗੇ ਚਲ ਕੇ ਉਹਨਾਂ ਦੀ ਸਹਾਇਤਾ ਕਿਨ ਕਰਨੀ ਹੈ ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸੱਚਾ ਬੇਲੀ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ-ਮਈ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿਤ ਚੇਤੇ ਹੀ ਨਹੀਂ। ਜਿਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ; ਤੇ ਅੱਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ —

> ਜਿਹ ਘਰ ਮਹਿ ਤੁਧੁ ਰਹਨਾ ਬਸਨਾ, ਸੋ ਘਰੁ ਚੀਤਿ ਨ ਆਇਓ ॥......ਜਹਾ ਜਾਣਾ ਸੋ ਥਾਨੁ ਵਿਸਾਰਿਓ, ਇਕ ਨਿਮਖ ਨਹੀ ਮਨੁ ਲਾਇਓ ॥
>
> [ਮਾਰੂ ਮ: ੫, ਅਸਟਪਦੀਆ, ੧੦੧੭

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ, ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪਰਧਾਨ ਹੈ, ਕੀਰਤਨ ਦੇ ਪਰਤਾਪ ਕਰ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਤੇ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ, ਜੀਵਨ ਪਰਗਟਦਾ ਹੈ। ਯਥਾ ਗੁਰਵਾਕ —

> ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥ ਆਪਿ ਤਰੈ ਸਗਲੇ ਕੁਲ ਤਾਰੇ, ਹਰਿ ਦਰਗਹ ਪਤਿ ਸਿਉ ਜਾਇਦਾ ॥੬॥
>
> [ਮਾਰੂ ਮ: ੧, ਸੋਲਹੇ, ੧੦੭੬

ਸਤਿਗੁਰੂ ਰੂਪੀ ਸੱਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗੇ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ। ਕਿਉਂਕਿ ਬੋਹਿਥ ਦੇ ਬਾਂਗੀ-ਸਤਿਗੁਰੂ ਦੀ ਸਚੀ ਧੀਰਕ ਹੁੰਦੀ ਹੈ। ਬਾਂਗੀ ਸਤਿਗੁਰੂ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ ਵਾਹਿਗੁਰੂ ਗੁਰੂ ਵਾਹਿਗੁਰੂ ਪਰਤਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ ਦਰਗਾਹੀ ਮਾਣ ਵਾਲੀ ਪਾਈਦੀ ਹੈ।

> ਚੜਿ ਬੋਹਿਥੈ ਚਾਲਸਉ, ਸਾਗਰੁ ਲਹਰੀ ਦੇਇ ॥ ਠਾਕ ਨ ਸਚੈ ਬੋਹਿਥੈ, ਜੇ ਗੁਰ ਧੀਰਕ ਦੇਇ ॥ ਤਿਤੁ ਦਰਿ ਜਾਇ ਉਤਾਰੀਆ, ਗੁਰ ਦਿਸੈ ਸਾਵਧਾਨੁ ॥ ਨਾਨਕ ਨਦਰੀ ਪਾਈਐ, ਦਰਗਹ ਚਲੈ ਮਾਨੁ ॥੩॥ [ਮਾਰੂ ਵਾਰ ੩, ਮ: ੪, ੧੦੮੭

ਗੁਰਮਤਿ ਜੁਗਤ ਵਿਹੂਣੇ, ਗੁਰ ਦੀਖਿਆ ਹੀਣੇ ਜੋ ਨਿਗੁਰੇ ਮਨਮੁਖ ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਉਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ—

> ਜੋਗੀ ਹੋਵਾ ਜਗਿ ਭਵਾ, ਘਰਿ ਘਰਿ ਭੀਖਿਆ ਲੇਉ ॥ ਦਰਗਹਿ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ ॥
>
> [ਮਾਰੂ ਵਾਰ, ਸਲੋਕ ਮ: ੩, ੧੦੮੯

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੇਈ ਹਰਿ ਦਰਗਹਿ ਸਿਝਦੇ ਹਨ —

> 'ਮਨਿ ਵੀਚਾਰਿ ਹਰਿ ਜਪੁ ਕਰੇ, ਹਰਿ ਦਰਗਹ ਸੀਝੈ ॥੧੧॥ [ਮਾਰੂ ਵਾਰ ਮ: ੩, ੧੦੯੦

ਹੁਕਮ ਰਜਾਈ ਸਾਖਤੀਆਂ ਗੁਰਮੁਖ ਦਿਲ-ਰਾਸੀਆਂ



www.AKJ.Org

ਦਾ ਕਿਆ ਸੋਹਣਾ ਦ੍ਰਿਸ਼ਯ ਅਗਲੇ ਗੁਰਵਾਕ ਅੰਦਰ ਦਰਸਾਇਆ ਹੈ —

ਹੁਕਮਿ ਰਜਾਈ ਸਾਖਤੀ, ਦਰਗਹ ਸਚੁ ਕਬੂਲੁ ॥
ਸਾਹਿਬੁ ਲੇਖਾ ਮੰਗਸੀ, ਦੁਨੀਆ ਦੇਖਿ ਨ ਭੂਲੁ ॥
ਦਿਲ ਦਰਵਾਨੀ ਜੋ ਕਰੇ, ਦਰਵੇਸੀ ਦਿਲੁ ਰਾਸਿ ॥
ਇਸਕ ਮੁਹਬਤਿ ਨਾਨਕਾ, ਲੇਖਾ ਕਰਤੇ ਪਾਸਿ ॥

[ਸਲੋਕ ਮ: ੧, ੧੦੯੦

ਅਰਥਾਤ ਅਗਲੀ ਦਰਗਾਹ ਅੰਦਰ ਹੁਕਮ ਰਜਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ। ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ। ਮਤ ਕੋਈ ਏਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ, 'ਇਹ ਜਗ ਮਿੱਠਾ ਤੇ ਅਗਲਾ ਕਿਨ ਡਿਠਾ'। ਏਸ ਭਰਮ ਭੁਲਾਵੇ ਦੁਨੀਆ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ। ਅਜਿਹੇ ਵਿਸ਼ੇ-ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ, ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਨ ਜਿਣਨਹਾਰੇ ਗੁਰਮੁਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਣੇ ਦਹਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆ ਤੋਂ ਨਿਵਿਰਤੀ ਵਾਲਾ ਸਚ ਵੈਰਾਗ ਗ੍ਰਿਹਸਤ ਉਦਾਸ ਦਰਵੇਸੀ ਦਿਲ ਰਾਸ ਚਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰ-ਲੇਖੀਆਂ ਦਾ ਲੇਖਾ ਕਿਸ ਨੇ ਲੈਣਾ ਹੈ। ਕੋਈ ਨਹੀਂ ਲੈ ਸ਼ਕਦਾ। ਦਰਗਹਿ ਸਿਝਣ ਸੀਝਿਆਂ ਤੋਂ ਲੇਖਾ —

ਜਿਨਿ ਜਪਿਆ ਹਰਿ ਤੇ ਮੁਕਤ ਪ੍ਰਾਣੀ, ਤਿਨ ਕੇ ਊਜਲ ਮੁਖਿ ਹਰਿ ਦੁਆਰਿ ॥ ਓਇ ਹਲਤਿ ਪਲਤਿ ਜਨ ਭਏ ਸੁਹੇਲੇ, ਹਰਿ ਰਾਖਿ ਲੀਏ ਰਖਨਹਾਰਿ ॥ [ਤੁਖਾਰੀ ਮ: ੪, ਪੰਨਾ ੧੧੧੫

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਉਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਹਰਿ ਬਾਬ ਰਖਿਆ ਕਰਦਾ ਹੈ, ਇਸ ਲੋਕ ਵਿਚ ਭੀ ਤੇ ਅਗਲੇ ਲੋਕ ਵਿਚ ਭੀ। ਸੋ ਹੋਇਆ ਨਾ ਅਗਲਾ ਲੋਕ ਜ਼ਰੂਰ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੁੰਦੀ ਹੈ, ਸੋਈ ਜਨ ਅਗਲੀ ਦਰਗਾਹ ਅੰਦਰ ਮਾਣ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅਗੇ (ਅਗਲੀ ਦਰਗਾਹੇ) ਚਲ ਕੇ ਖ਼ਾਸ ਥਾਉਂ ਮਿਲਦਾ ਹੈ, ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ —

ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥
ਸੇ ਜਨ ਦਰਗਹ ਪਾਵਹਿ ਮਾਨੁ ॥
ਸੂਖ ਸਹਜ ਆਨੰਦ ਗੁਣ ਗਾਉ ॥
ਆਗੈ ਮਿਲੈ ਨਿਥਾਵੇ ਥਾਉ ॥੨॥

[ਭੈਰਉ ਮ: ੫, ਪੰਨਾ ੧੧੪੩

ਸਾਕਤ ਮਨਮੁਖ ਨਾਸਤਕ ਦਾ ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਨਹੀਂ ਹੋ ਸਕਦੀ। ਸਚੀ ਦਰਗਾਹ ਸਾਕਤ ਲੋਕ ਜਾਣੇ ਹੀ ਨਹੀਂ ਪਾਉਂਦੇ, ਠਾਕੇ ਜਾਂਦੇ ਹਨ। ਗੁਰਵਾਕ :—

ਹਰਿ ਕੇ ਨਾਮ ਬਿਨਾ ਸਭ ਝੂਠੁ ॥ ਬਿਨੁ ਗੁਰ ਪੂਰੇ ਮੁਕਤਿ ਨ ਪਾਈਐ, ਸਾਚੀ ਦਰਗਹਿ ਸਾਕਤ ਮੂਠੁ ॥੧॥ਰਹਾਉ॥......ਅੰਤਰੁ ਮੈਲਾ ਬਾਹਰ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥

[ਭੈਰਉ ਮਹਲਾ ੫, ਪੰਨਾ ੧੧੫੧

ਪਿਛਲੀਆਂ ਦੋ ਪੰਕਤੀਆਂ ਦਸਦੀਆਂ ਹਨ ਕਿ ਮੈਲ ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਇਥੇ ਭੇਖ ਦਿਖਾਉਣਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲ੍ਹਣਗੇ ਤਾਂ ਤਿਨ੍ਹਾਂ ਦੀ ਪੋਲ-ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤ੍ਰਿਨ੍ਹਾਂ ਭਾਣੇ ਰਾਜ ਮਾਲ ਮਾਇਆ ਦਾ ਸਭ ਪਸਾਰਾ ਝੂਠਾ ਹੈ। ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ

www.AKJ.Org

ਦਿਤਾ ਹੈ, ਉਸੇ ਧੰਧ-ਬੰਧ ਮਾਇਆ ਨੂੰ ਲੋਭੀ ਨਰ ਲਪਟਾਇ ਰਹੇ ਹਨ। ਐਸੇ ਲਪਟ ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ —

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥
ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੨॥

[ਭੈਰਉ ਮ: ੩, ੧੧੫੫

ਅਗੇ ਗਇਆਂ ਲੇਖਾ ਮੰਗਿਆ ਜਾਣਾ ਹੈ, ਤੇ ਜ਼ਰੂਰ ਮੰਗਿਆ ਜਾਣਾ ਹੈ, ਅਤੇ ਦਸ ਗੁਣੀ ਸਜ਼ਾ ਮਿਲੇਗੀ —

ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥

[ਵਾਰ ਸਾਰੰਗ, ਮ: ੧, ੧੨੪੦

ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮ ਸਾਸ-ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਚਲ ਕੇ, ਕੋਈ ਪੁਛ ਗਿਛ ਨਹੀਂ ਹੁੰਦੀ। ਹਰਿ ਦਰਗਹਿ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ—

ਲੇਖਾ ਪੜੀਐ ਹਰਿਨਾਮੁ, ਫਿਰਿ ਲੇਖੁ ਨ ਹੋਈ ॥
ਪੁਛਿ ਨਾ ਸਕੈ ਕੋਇ, ਹਰਿ ਦਰਿ ਸਦ ਢੋਈ ॥
ਜਮਕਾਲੁ ਮਿਲੈ ਦੇ ਭੇਟ, ਸੇਵਕ ਨਿਤ ਹੋਈ ॥
ਪੂਰੇ ਗੁਰ ਤੇ ਮਹਲੁ ਪਾਇਆ, ਪਤਿ ਪਰਗਟੁ ਲੋਈ ॥ ਨਾਨਕ ਅਨਹਦ ਧੁਨੀ ਦਰਿ ਵਜਦੇ, ਮਿਲਿਆ ਹਰਿ ਸੋਈ ॥੨੮॥

[ਰਾਗ ਮਾਰੂ, ੧੦੪੮

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਲੀ ਮਿਲਦੀ ਹੈ, ਤਿਨ੍ਹਾਂ ਨੂੰ ਅਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਬਖ਼ਸ਼ੀਸ਼ ਦੇ ਸਦਕੇ ਤਿਨ੍ਹਾਂ ਦਾ ਸੱਚ-ਮਹਲੀ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵਜ ਰਹੇ ਹਨ। ਉਸ ਦੀ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਉਥੇ ਉਹ ਕੂੜਿਆਰ ਸਾਬਤ ਹੁੰਦੇ ਹਨ, ਜਿਹੜੇ ਐਥੇ ਆਪੇ ਸਚਿਆਰ ਬਣ ਬਣ ਬੈਠਦੇ ਹਨ। ਕਾਮ ਕਰੋਧ ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਉਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ ਉਹ ਚਿਤਵਣ ਹੀ ਨਹੀਂ ਜਾਣਦੇ। ਥਾਉਂ ਕੁਥਾਉਂ ਨਹੀਂ ਦੇਖਦੇ। ਤਿਨ੍ਹਾਂ ਦਾ ਅਗਲੀ ਦਰਗਾਹ ਉਪਰ ਦਸਿਆ ਹਾਲ ਹੋਣਾ ਹੈ।

ਮਨਮੁਖ ਬੋਲਿ ਨ ਜਾਣਨੀ, ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ ਥਾਉ ਕੁਥਾਉ ਨ ਜਾਣਨੀ, ਸਦਾ ਚਿਤਵਹਿ ਬਿਕਾਰ ॥ ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥

[ਸਲੋਕ ਮ: ੩, ੧੦੪੮

ਮਨਮੁਖਾਂ ਨੇ ਇਸ ਲੋਕ ਵਿਚ ਸੋਈ ਅਗਿਆਨ ਅੰਧਾਰੇ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੋਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ—

ਜਿਹਿ ਪਰਲੋਕ ਜਾਇ ਅਪਕੀਰਤਿ,
ਸੋਈ ਅਬਿਦਿਆ ਸਾਧੀ ॥

[ਸਾਰੰਗ, ਪਰਮਾਨੰਦ, ੧੨੫੩

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ। ਮੁਨਕਰ ਹੋਣ ਦੀ ਕੋਈ ਜਾਇ ਹੀ ਨਹੀਂ। ਮਾਇਆ ਨਾਲ ਮਨੂਰ ਹੋਏ ਮਨ ਇਹੋ ਅਗਿਆਨ ਵਿਸ਼ਵਾਸ ਲਈ ਬੈਠੇ ਹਨ, ਜੋ ਕੁਝ ਹੈ ਏਸੇ ਦੁਨੀਆ ਵਿਚ ਹੀ ਹੈ, ਏਥੇ ਹੀ ਮਾਇਆ ਦੇ ਰੰਗ ਮਾਣ ਲਓ, ਖਾਤ ਪੀਤ ਹਸਤ ਬਿਹਾਇ ਲਵੋ (Eat, Drink and be merry), ਅਗਾ ਕੀਹਨੇ ਦੇਖਿਆ ਹੈ ? ਜੇ ਅਗੇ ਦਾ ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਸਾਗਰ ਤੋਂ ਤਰਨ ਦਾ ਕੋਈ ਤੁਲਹਾ ਬੰਨ੍ਹਣ। ਪਰ ਇਹ ਅਗਲੇਰਾ ਗੁਰਵਾਕ ਉਨ੍ਹਾਂ ਨੂੰ ਕੈਸੀ ਸੁਝਾਵਣੀ ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ —

www.AKJ.Org

ਆਗੈ ਕਉ ਕਿਛੁ ਤੁਲਹਾ ਬਾਂਧਹੁ, ਕਿਆ ਭਰਵਾਸਾ ਧਨ ਕਾ ॥ [ਸਾਰੰਗ ਕਬੀਰ ਜੀਉ, ੧੨੫੩

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ, ਏਸ ਨੂੰ ਅਨ-ਅਸਥਿਰ ਸਮਝ ਕੇ ਇਸ ਵਿਚ ਲਿਪਾਇਮਾਨ ਨਹੀਂ ਹੁੰਦੇ, ਸਦਾ ਅਲੇਪ ਤੇ ਤਿਆਗੀ ਬਣੇ ਰਹਿੰਦੇ ਹਨ; ਇਸ ਤੋਂ ਉਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸੱਚਾ ਮਾਣ ਪਾਉਂਦੇ ਹਨ। ਜਿਹਾ ਕਿ—

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮ॥ ਅਨਦਿਨੁ ਨਾਮੁ ਸਦਾ ਸਦਾ ਧਿਆਵਹਿ, ਸਾਚੀ ਦਰਗਹ ਪਾਵਹਿ ਮਾਨੁ ॥......ਗੁਰ ਸਬਦਿ ਰਤੇ ਸਦਾ ਬੈਰਾਗੀ, ਹਰਿ ਦਰਗਹਿ ਸਾਚੀ ਪਾਵਹਿ ਮਾਨੁ ॥੨॥ [ਮਲਾਰ ਮ: ੩, ਪੰਨਾ ੧੨੫੯

ਹੇਠ ਲਿਖੇ ਗੁਰਵਾਕ ਵਿਚ ਅਗੇ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ —

ਮਨਮੁਖ ਅਗੈ ਲੇਖਾ ਮੰਗੀਐ, ਬਹੁਤੀ ਹੋਵੈ ਮਾਰ ॥ ਗੁਰਮੁਖਿ ਪਤਿ ਸਿਉ ਲੇਖਾ ਨਿਬੜੈ, ਬਖਸੇ ਸਿਫਤਿ ਭੰਡਾਰ ॥ ਓਥੈ ਹਥੁ ਨ ਅਪੜੈ, ਕੂਕ ਨ ਸੁਣੀਐ ਪੁਕਾਰ ॥ ਓਥੈ ਸਤਿਗੁਰੁ ਬੇਲੀ ਹੋਵੈ, ਕਢਿ ਲਏ ਅੰਤੀ ਵਾਰ ॥ ਏਨਾ ਜੰਤਾ ਨੋ ਹੋਰ ਸੇਵਾ ਨਹੀ, ਸਤਿਗੁਰੁ ਸਿਰਿ ਕਰਤਾਰ ॥੨॥

[ਵਾਰ ਮਲਾਰ ਮ: ੧, ੧੨੮੧

ਇਸ ਗੁਰਵਾਕ ਨੇ ਸਾਫ਼ ਨਿਰਣਾ ਕਰ ਦਿਤਾ ਹੈ ਕਿ ਅਗੇ ਚਲ ਕੇ ਮਨਮੁਖਾਂ ਸਾਕਤਾਂ ਪਾਸੋਂ ਤਾਂ ਲੇਖਾ ਮੰਗਿਆ ਜਾਣਾ ਹੈ, ਉਹਨਾਂ ਦੀ ਤਿਥੇ ਬਹੁਤੀ ਬਾਕੀ ਨਿਕਲਣੀ ਹੈ ਤੇ ਬਹੁਤੀ ਸਜਾਇ ਉਹਨਾਂ ਨੂੰ ਓਥੇ ਮਿਲਣੀ ਹੈ ਤੇ ਬਹੁਤੀ ਮਾਰ ਜਮਾਂ ਦੀ ਉਹਨਾਂ ਨੂੰ ਓਥੇ ਪੈਣੀ ਹੈ; ਪਰ ਗੁਰਮੁਖਾਂ ਦਾ ਓਥੇ ਪਤਿ ਨਾਲ ਲੇਖਾ ਨਿਬੜਨਾ ਹੈ। ਸਿਫ਼ਤ-ਭੰਡਾਰੀਆਂ ਗੁਰਮੁਖਾਂ ਨੂੰ ਸਿਫ਼ਤ-ਭੰਡਾਰ ਦੀ ਬਖ਼ਸ਼ਿਸ਼ ਨੇ ਹੀ ਅਗੇ ਜਾ ਕੇ ਬਖ਼ਸ਼ਾਉਣਾ ਹੈ। ਅਗਲੀ ਦਰਗਾਹ ਵਿਚ ਕੋਈ ਕਿਸੇ ਦਾ ਵਾਹਰੂ ਨਹੀਂ, ਕਿਸੇ ਦੀ ਕੂਕ ਪੁਕਾਰ ਓਥੇ ਨਹੀਂ ਸੁਣੀ ਜਾਣੀ। ਓਥੇ ਕੇਵਲ ਸਤਿਗੁਰੂ ਹੀ ਸੱਚਾ ਬੇਲੀ ਹੋ ਸਕਦਾ ਹੈ ਤੇ ਅੰਤੀ ਵਾਰ ਉਹੋ ਹੀ ਸਹਾਈ ਹੁੰਦਾ ਹੈ। ਘੋਰ ਨਰਕ-ਸਜ਼ਾਵਾਂ ਤੋਂ ਬਚਾਉਣ ਨੂੰ ਸਤਿਗੁਰੂ ਸਮਰਥ ਹੈ, ਇਸ ਲਈ ਇਨ੍ਹਾਂ ਕਲਜੁਗੀ ਜੀਵਾਂ ਦੀ ਇਸ ਜਗ ਵਿਖੇ ਹੋਰ ਕੋਈ ਸੇਵਾ ਘਾਲ ਥਾਇੰ ਨਹੀਂ ਪੈਂਦੀ। ਸੇਵਾ ਘਾਲ ਤਿਨ੍ਹਾਂ ਦੀ ਪਰਵਾਣ ਪੈਂਦੀ ਹੈ, ਜਿਨ੍ਹਾਂ ਦੇ ਸਿਰ ਤੇ ਸਤਿਗੁਰੂ ਕਰਤਾਰ ਰਾਖਾ ਹੈ, ਸਦਾ ਰਖਵਾਲਾ ਹੋਇਆ ਹੈ। ਅਗਲੀ ਦਰਗਾਹੇ ਸਤਿਗੁਰੂ ਰਖਵਾਲਾ ਕੇਵਲ ਤਿਨ੍ਹਾਂ ਦਾ ਹੀ ਹੋਇਆ ਹੈ, ਜਿਨ੍ਹਾਂ ਨੇ ਏਥੇ ਗੁਰੂ ਧਾਰਨ ਕੀਤਾ ਹੈ, ਸਚੇ ਗੁਰੂ ਦੀ ਦੀਖਿਆ ਪ੍ਰਾਪਤ ਕੀਤੀ ਹੈ। ਕੱਚੇ ਗੁਰੂਆਂ ਦੇ ਧਾਰਨ-ਹਾਰਿਆਂ ਦੀ ਏਥੇ ਭੀ ਗਤਿ ਨਹੀਂ, ਨ ਅਗੇ ਉਨ੍ਹਾਂ ਦੀ ਪੁਕਾਰ ਸੁਣੀ ਜਾਂਦੀ ਹੈ। ਕਚੇ ਗੁਰ, ਤੇ ਉਨ੍ਹਾਂ ਦੇ ਕੱਚੇ ਚੇਲਿਆਂ ਨੂੰ ਦਰਗਾਹ ਵਿਚ ਜ਼ਰੂਰ ਸਜ਼ਾ ਭੁਗਤਣੀ ਪਵੇਗੀ। ਆਪੋ ਬਣਿ ਬਣਿ ਬਹਿਣ ਵਾਲੇ ਦੇਹਧਾਰੀ ਗੁਰੂਆਂ ਨੂੰ ਤੇ ਤਿਨ੍ਹਾਂ ਦੇ ਚੇਲਿਆਂ ਨੂੰ ਮੂਹੋਂ ਮੂੰਹ ਮਾਰ ਪਏਗੀ। ਇਸ ਵਿਚ ਰੰਚਕ ਭੀ ਸੰਦੇਹ ਨ ਜਾਣੋ, ਜਿਨ੍ਹਾਂ ਵਡਭਾਗਿਆਂ ਗੁਰੂ ਘਰ ਵਿਖੇ ਜਨਮ ਲੈ ਕੇ, ਖੰਡੇ ਦਾ ਅੰਮ੍ਰਿਤ ਛਕ ਕੇ, ਜਨਮ ਸੁਜਨਮਾ ਹੋਇ ਕੇ, ਗੁਰੂ ਨਾਨਕ ਦਸਮੇਸ਼ ਜੀ ਦੇ ਅਜ਼ਲੀ, ਅਬਦੀ ਹੁਕਮ ਅਨੁਸਾਰ, ਸਾਜ ਨਿਵਾਜੇ ਗੁਰੂ ਸਵਾਰੇ ਪੰਜ ਪਿਆਰਿਆਂ ਰਾਹੀਂ ਦੀਖਿਆ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ ਹੈ, ਉਹਨਾ ਨੇ ਹੀ ਦਸਾਂ ਗੁਰੂ ਪਾਤਸ਼ਾਹੀਆਂ ਦੀ ਗੁਰਿਆਈ ਤੋਂ ਸਿਖੀ ਧਾਰਨ ਕੀਤੀ ਹੈ, ਸੋਈ ਸਚੀ ਦਰਗਾਹ ਅੰਦਰ ਗਏ ਮੰਨੇ ਜਾਣਗੇ, ਪ੍ਰਮਾਣੇ ਜਾਣਗੇ ਤੇ ਨਿਸਤਾਰੇ ਜਾਣਗੇ। ਹੋਰ ਅਖਾਉਤੀ ਪਾਜਲ ਦੇਹਧਾਰੀਆਂ ਨੂੰ ਗੁਰੂ ਮੰਨਣ ਵਾਲੇ ਨਿਗੁਰੇ ਹੀ ਰਹਿਣਗੇ ਤੇ ਨਿਗੁਰੇ ਹੀ ਸਮਝੇ ਜਾਣਗੇ। ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਅਜਿਹੇ ਪਾਜਲ ਗੁਰੂਆਂ ਦਾ ਗੁਰਪੁਣਾ ਅਗਲੀ ਦਰਗਾਹ ਵਿਚ ਕੱਖੋਂ ਹੌਲਾ ਸਾਬਤ ਹੋਵੇਗਾ। ਜਿਨ੍ਹਾਂ ਨੂੰ ਅਗੇ ਦਾ ਭੈ ਹੈ, ਉਹ ਏਨ੍ਹਾਂ ਡਿੰਭ ਮਨੌਤੀਆਂ ਵਿਚ ਪੈਂਦੇ ਹੀ ਨਹੀਂ, ਉਹ ਸਿਧੇ ਗੁਰੂ ਨਾਨਕ ਸਾਹਿਬ ਦੇ ਘਰ ਦਾ ਆਸਰਾ ਲੈਂਦੇ ਹਨ। ਜੋ ਗੁਰੂ ਨਾਨਕ ਸਾਹਿਬ ਸਰੇਣੀ ਦੇ ਧੁਰੋਂ ਆਏ ਗੁਰੂ ਸਾਹਿਬਾਨ ਦੇ ਸ਼ਰੀਕ ਬਣਦੇ ਹਨ ਤੇ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ ਉਨ੍ਹਾਂ ਨੂੰ ਸਣੇ ਚੇਲਿਆਂ ਦੇ ਅਗੇ ਧੱਕੇ ਹੀ ਪੈਣੇ ਹਨ। ਹੇਠਲਾ ਗੁਰਵਾਕ

www.AKJ.Org

ਏਸ ਪਰਕਰਣ ਦਾ ਹੋਰ ਭੀ ਸੱਚ ਨਿਬੇੜਾ ਕਰਦਾ ਹੈ—

ਪੜ੍ਹਿਆ ਲੇਖੇਦਾਰੁ ਲੇਖਾ ਮੰਗੀਐ ॥ ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥ ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥ ਗਹਿਰ ਗੰਭੀਰ ਅਥਾਹੁ, ਹਾਥ ਨ ਲਭਈ ॥ ਮੁਹੇ ਮੁਹਿ ਚੋਟਾ ਖਾਹੁ, ਵਿਣੁ ਗੁਰ ਕੋਇ ਨ ਛੁਟਸੀ ॥ ਪਤਿ ਸੇਤੀ ਘਰਿ ਜਾਹੁ, ਨਾਮੁ ਵਖਾਣੀਐ ॥ ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥ [ਵਾਰ ਮਲਾਰ, ੧੨੮੮

ਭਾਵ—ਜੋ ਜੋ ਆਪਣੀ ਸਿਆਣਪੀ, ਚਤਰਾਈ ਦੁਆਰਾ ਚਤਰ ਵਿਦਿਆ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਆਪੇ ਹੀ ਗੁਰੂ ਬਨਿ ਬਨਿ ਬਹਿੰਦਾ ਹੈ, ਉਹ ਹਰ ਇਕ ਪੜ੍ਹਿਆ ਲੇਖੇ ਅੰਦਰ ਹੈ ਤੇ ਲੇਖਾ ਦੇਣਹਾਰ ਹੈ। ਅਗਲੀ ਦਰਗਾਹ ਵਿਚ ਉਸ ਤੋਂ ਜ਼ਰੂਰ ਲੇਖਾ ਮੰਗਿਆ ਜਾਣਾ ਹੈ। ਸਚੇ ਨਾਮ ਦੀ ਸਚ-ਪੜ੍ਹਾਈ ਬਿਨਾਂ ਹੋਰ ਸਭ ਪੜ੍ਹਾਈਆਂ ਕੂੜਾਵੀਆਂ ਹਨ, ਨਿਰੀਆਂ ਕੂੜ ਦੀਆਂ ਕਪਟ ਕਹਾਣੀਆਂ ਹਨ, ਪਰ ਏਹ ਸਚਾ ਨਾਮ ਸਚੇ ਸਤਿਗੁਰੂ, ਧੁਰੋਂ ਪਠਾਏ ਗੁਰੂ, ਗੁਰੂ ਨਾਨਕ-ਘਰਾਣੇ ਗੁਰੂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਕੂੜ-ਛਬਾਣੇ ਗੁਰੂ ਨੂੰ ਨਾਮ ਦੇਣ ਦੀ ਮਹੱਤਤਾ ਹੀ ਧੁਰ ਦਰਗਾਹੋਂ ਨਹੀਂ ਮਿਲੀ। ਤਾਂਤੇ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਏ, ਸਚ ਨਾਮ ਨਦਰਾਏ, ਸਚ ਦੀਖਿਆ ਦੀਖਸ਼ਾਏ ਗੁਰਮੁਖ ਜਨਾਂ ਤੋਂ ਬਿਨਾਂ ਸਭ ਨਿਗੁਰੇ ਨਾਮ ਵਿਹੂਣ ਹਨ ਅਤੇ 'ਵਿਣ ਨਾਵੈ ਕੂੜਿਆਰ' ਹਨ, ਏਹਨਾਂ ਵਿਣ-ਨਾਮੇ ਕੂੜਿਆਰਾਂ ਨੂੰ ਅਗੇ ਜਾ ਕੇ ਬੜੀ ਅਉਖੀ ਤੰਗੀ ਪੇਸ਼ ਆਏਗੀ ਤੇ ਅਤਿ ਦਰਜੇ ਦੇ ਤੰਗ, ਭੀੜੇ ਰਾਹਾਂ ਵਿਚ ਦੀ ਲੰਘਣਾ ਪਏਗਾ, 'ਅਉਖਾ ਤੰਗੀਐ' ਵਾਲਾ ਸਹਿਮ ਸਹਿਣ ਵਾਲਿਆਂ ਦੇ ਰਾਹ ਅਗੇ ਅਉਖੇ ਰੁਕੇ ਹੋਏ ਹੋਣਗੇ, ਗਲੀਆਂ ਅਤਿ ਭੀੜੀਆ ਹੋਣਗੀਆਂ, ਜੋ ਜਗ੍ਹਾ ਜਗ੍ਹਾ ਪੈਰ ਪੈਰ ਤੇ ਅਗੇ ਰੁਕੀਆਂ ਹੋਣਗੀਆਂ, ਉਹਨਾਂ ਨੂੰ ਅਉਘਟ ਰੁਧੀਆਂ ਭੀੜੀਆਂ ਗਲੀਆਂ ਦਾ ਲੰਘਣਾ ਹੀ ਅਉਖਾ ਹੋ ਜਾਊ। ਉਨ੍ਹਾਂ ਦੀ ਇਹ ਡੀਂਗ ਕਿ ਉਹ ਰੱਬ ਨੂੰ ਜਾ ਮਿਲਣਗੇ ਜਾਂ ਰੱਬ ਨੂੰ ਮਿਲੇ ਹੋਏ ਹਨ, ਕੂੜ-ਕਲਪਣਾ ਸਾਬਤ ਹੋਵੇਗੀ। ਉਹ ਸਚਾ ਪਾਤਸ਼ਾਹ ਤਾਂ ਸ਼ਬਦ-ਸੰਤੋਖੀਆਂ ਨੂੰ ਹੀ ਮਿਲਦਾ ਹੈ। ਜੋ ਗੁਰ-ਸ਼ਬਦ ਕਮਾਈ ਨਾਲ ਰੱਜ ਕੇ ਸੰਤੁਸ਼ਟ ਹੋਏ ਤੇ ਗੁਰੂ ਘਰ ਦੇ ਗੁਰਮੁਖ ਜਨ ਹਨ, ਤਿਨ੍ਹਾਂ ਨੂੰ ਹੀ ਉਹ ਸੱਚਾ ਬੇਪ੍ਰਵਾਹ ਮਿਲਦਾ ਹੈ। ਉਸ ਬੇਪ੍ਰਵਾਹ ਨੂੰ ਕੀ ਪਰਵਾਹ ਹੈ, ਕੀ ਕਨੌਡ ਹੈ ਕਿ ਡਿੰਭੀ ਡੀਂਗਾਂ ਮਾਰਨ ਵਾਲਿਆਂ ਨੂੰ ਮਿਲੇ। ਗਲੀਂ ਡੀਂਗ ਮਾਰਿਆਂ ਉਹ ਸਚਾ ਬੇਪ੍ਰਵਾਹ ਅਗਮ ਅਥਾਹ ਵਾਹਿਗੁਰੂ ਕਿਸੇ ਨੂੰ ਮਿਲ ਸਕਦਾ ਹੈ! ਕਦਾਚਿਤ ਨਹੀਂ। ਉਸ ਅਗਮ ਅਥਾਹ ਵਾਹਿਗੁਰੂ ਦੀ ਗਲੀਂ ਗੋਖਿਆਂ ਕਦੇ ਥਾਹ ਨਹੀਂ ਆਉਂਦੀ। ਚੁੰਚ ਚਤਰ ਵਿਦਿਆਈਆਂ, ਚੰਚਲਤਾਈਆਂ, ਚਪਲ ਬੁਧ ਚੁੰਚ ਕਹਾਣੀਆਂ ਦੁਆਰਾ ਉਸ 'ਗਹਿਰ ਗੰਭੀਰ ਅਥਾਹ' ਵਾਹਿਗੁਰੂ ਦੀ ਥਾਹ ਨਹੀਂ ਲਭਦੀ। ਕੂੜਿਆਰ ਨਿਗੁਰੇ ਮੀਣੇ ਉਥੇ ਮੂੰਹੋਂ ਮੂੰਹ ਚੋਟਾਂ ਖਾਂਦੇ ਰਹਿੰਦੇ ਹਨ ਅਤੇ ਅਉਘਟ ਰੁਧੀਆਂ ਭੀੜੀਆਂ ਗਲੀਆਂ ਵਿਚ ਹੀ ਫਸੇ ਰਹਿੰਦੇ ਹਨ, ਸਚੇ ਗੁਰੂ ਬਿਹੂਣਿਆਂ ਨਿਗੁਰਿਆਂ ਦਾ ਕਦੇ ਭੀ ਓਥੇ ਛੁਟਕਾਰਾ ਨਹੀਂ। ਜਿਨ੍ਹਾਂ ਵਡਭਾਗੇ ਗੁਰਮੁਖਾਂ ਨੇ ਏਥੇ ਸਚੇ ਗੁਰੂ, ਗੁਰੂ ਨਾਨਕ ਦੇ ਦਰ ਘਰ ਤੋਂ ਸਚਾ ਨਾਮ ਗੁਰ-ਮੰਤਰ ਪ੍ਰਾਪਤ ਕਰ ਕੇ, ਸਾਸ ਸਾਸ ਨਾਮ ਦਾ ਅਰਾਧਣਾ ਕੀਤਾ ਹੈ, ਤਿਨ੍ਹਾਂ ਨੂੰ ਅਗਲੀ ਦਰਗਾਹ ਗਇਆਂ ਠਾਕ ਨਹੀਂ ਪੈਂਦੀ। ਉਹਨਾਂ ਦੇ ਇਹ ਅਉਘਟ ਭੀੜੀਆਂ ਗਲੀਆਂ ਪੇਸ਼ ਨਹੀਂ ਆਉਂਦੀਆਂ। ਆਉਣੀਆਂ ਭੀ ਹੋਣ ਤਾਂ ਉਹ ਸਹਿਜੇ ਹੀ ਇਹਨਾਂ ਨੂੰ ਉਲੰਘ ਜਾਂਦੇ ਹਨ ਅਤੇ ਪਤਿ ਸੇਤੀ ਸਚੇ ਦੇ ਸਚ-ਘਰ ਮਹਿਲੀ ਅਪੜ ਪੈਂਦੇ ਹਨ। ਹੁਕਮ ਰਜ਼ਾਈ, ਕਰਤਾਰ, ਦਾਤਾਰ ਵਾਹਿਗੁਰੂ ਤਿਨ੍ਹਾਂ ਨੂੰ ਸਾਸ ਗਿਰਾਸ ਨਾਮ ਦਾ ਆਧਾਰ ਦੇਣਹਾਰਾ ਹੁੰਦਾ ਹੈ। ਇਸ ਕਰਕੇ ਕੋਈ ਤੰਗੀ ਉਹਨਾਂ ਨੂੰ ਰਸਤੇ ਵਿਚ ਪੇਸ਼ ਨਹੀਂ ਆਉਂਦੀ, ਸੌਖੇ ਤੇ ਸਿਧੇ ਹੀ ਤੋੜ ਜਾ ਅਪੜਦੇ ਹਾਂ। ਗੁਰਮਤਿ, ਕੇਵਲ ਗੁਰਮਤਿ ਦੁਆਰਾ, ਗੁਰਮਤਿ ਨਾਮ ਜਪਿਆਂ ਹੀ ਤੇ ਗੁਰਮਤੀ ਗੋਬਿੰਦ ਗੋਬਿੰਦ ਰਟਿਆਂ, ਅਗੇ ਧੁਰ ਦਰਗਾਹ ਜਾ ਕੇ ਪਰਵਾਨ ਪਈਦਾ ਤੇ ਮਾਣ ਪਾਈਦਾ ਹੈ, ਐਵੇਂ ਨਹੀਂ। ਯਥਾ :—

ਗੋਵਿੰਦ ਗੋਵਿੰਦ ਗੁਰਮਤਿ ਧਿਆਈਐ, ਤਾਂ ਦਰਗਹ ਪਾਈਐ ਮਾਨੁ ॥ [ਕਾਨੜੇ ਕੀ ਵਾਰ, ੧੩੧੩

['ਅਣਡਿਠੀ ਦੁਨੀਆ' ਪੁਸਤਕ ਵਿਚੋਂ

www.AKJ.Org

# ਭਗਤੀ ਦੀ ਲੋਚਾ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ]

ਇਸ ਦੇਹੀ ਵਿਚ ਭਗਤੀ-ਲੋਚਾ, ਸਾਨੂੰ ਹੈ ਲੈ ਆਈ।
ਨਹੀਂ ਤਾਂ ਏਥੇ ਇਉਂ ਆਵਣ ਦੀ, ਚਾਹ ਨਹੀਂ ਸੀ ਰਾਈ ॥੧॥
ਉਹੋ ਆਰਬਲਾ ਹੈ ਸਫ਼ਲੀ, ਯਾਦ ਅੰਦਰ ਜੋ ਬੀਤੇ।
ਨਹੀਂ ਤਾਂ ਨੀਲੇ ਅੰਬਰ ਹੇਠਾਂ, ਸਾਸ ਅਕਾਰਥ ਲੀਤੇ ॥੨॥
ਯਾਦ ਆਏ ਤਾਂ ਸਮਝਾਂ ਜੀਂਦਾ, ਜੇ ਵਿਸਰੇਂ ਹਾਂ ਮਰਦਾ।
ਯਾਦ ਤੇਰੀ ਬਿਨ ਲਾਭ ਨ ਕੋਈ, ਸਮਝੇ ਤੇਰਾ ਬਰਦਾ ॥੩॥
ਜੋ ਵੀ ਮੈਨੂੰ ਤੇਰੇ ਰਾਹ ਤੇ ਪਾਵੇ, ਰਾਹ ਵਿਖਾਵੇ,
ਚਰਨ-ਧੂੜ ਉਸ ਦੀ ਤੋਂ ਸਦਕੇ, ਤਨ ਮਨ ਮੇਰਾ ਜਾਵੇ ॥੪॥
ਧਰਤੀ ਅੰਬਰ ਅਜੇ ਨਹੀਂ ਸੀ ਮੂਲ ਹੋਂਦ ਵਿਚ ਆਇਆ,
ਤਦ ਤੋਂ ਤਾਂਘ ਦੀਦ ਦੀ ਅੰਦਰ, ਮੈਂ ਸਿਰ ਆਣ ਨਿਵਾਇਆ ॥੫॥
ਬਾਝੋਂ ਯਾਦ ਸਜਨ ਦੀ, ਗੋਇਆ, ਜਿੰਦੜੀ ਲੁਛਦੀ ਰਹਿੰਦੀ।
ਵਿਦਿਆ ਕਰੋ ਅਸਾਨੂੰ ਪੀ ਵਲ, ਜਾਇ ਓਸ ਵਲ ਵਹਿੰਦੀ ॥੬॥

[ਸ: ਵਿਧਾਤਾ ਸਿੰਘ ਜੀ, ਤੀਰ

---

# ਕਾਲ-ਕੋਠੜੀ

[ਵਲੋਂ—ਸ: ਹਰਬੰਸ ਸਿੰਘ ਜੀ, ਕਾਨਪੁਰ]

ਕੈਦ ਸੀ, ਕਾਲ-ਕੋਠੜੀ ਵਿਚੋਂ
ਖੁਲ੍ਹ-ਦੇਸ਼ ਵਿਚ ਆਣਾ ਔਖਾ।
ਰਾਹ ਲਭਣਾ ਤੇ ਉਤੇ ਤੁਰਨਾ,
ਕਹਿਣਾ ਸੌਖਾ, ਕਰਨਾ ਔਖਾ।
ਪਹਿਰੇਦਾਰ ਥਾਂ ਥਾਂ ਅਟਕਾਵਣ,
ਵਧਦੇ ਨੂੰ ਪਿਛੇ ਲੈ ਜਾਵਣ।
ਪੰਜ ਠੱਗ ਤੇ ਕਈ ਚੁੜੇਲਾਂ,
ਖਿਨ ਖਿਨ ਮੈਨੂੰ ਭੁਲਾਂ ਪਾਵਣ।
ਹੱਠ ਕਰ ਥੱਕਾਂ ਕੁਝ ਨਹੀਂ ਬਣਿਆ,
ਭੁਲ-ਜਾਲ ਸਗੋਂ ਕਸ ਕਸ ਤਣਿਆ।
ਮਰਦ ਚਾਹੀਐ ਕੋਈ ਵੱਡ-ਅਗੰਮੀ,
ਕੰਮ ਨਹੀਂ ਇਹ ਜਣਿਆਂ ਖਣਿਆਂ।
ਚੁਪ ਕਰ ਬਹਿਆਂ ਨ ਸ਼ਾਂਤੀ ਆਵੇ,
ਕਾਲ-ਕੋਠੜੀ ਵਢ ਵਢ ਖਾਵੇ।

ਖਿਨ ਇਕ ਕਟਣਾ ਮੁਸ਼ਕਲ ਇਥੇ,
ਪਤਾ ਨਹੀਂ ਕਿੰਜ ਉਮਰ ਬਿਹਾਵੇ।
ਚੱਕ ਕੇ ਬਾਹਵਾਂ ਕੂਕ ਪੁਕਾਰਾਂ,
ਹੈ ਕੋਈ ਮਿਤ੍ਰ ਜੋ ਆ ਲਏ ਸਾਰਾਂ।
ਕਾਲ-ਕੋਠੜੀ ਭੰਨ ਮੈਨੂੰ ਕਢੇ,
ਤੇ ਖੁਲ੍ਹ-ਦੇਸ਼ ਦੀਆਂ ਦੇ ਬਹਾਰਾਂ।
ਬੋਹੜੋ ਨੀ ਕੋਈ ਪਰਉਪਕਾਰੀ,
ਹਾਵੇ ਦੇ ਵਿਚ ਬੀਤੀ ਸਾਰੀ।
ਜੋ ਕੁਝ ਬਚਿਆ ਸਭ ਕੁਝ ਦੇਵਾਂ,
ਸੁੱਕੀ ਹਰੀ ਜੋ ਕਰੇ ਕਿਆਰੀ।
ਹਿੰਮਤ ਦਾ ਫੜ ਪੱਲਾ ਵੀਰਾ,
ਯਾਦ ਕਰੀ ਜਿ ਰਖ ਦਿਲ ਧੀਰਾ;
ਆਪੇ ਬੋਹੜ ਓਹੀ ਕਢ ਲੈਸੀ,
ਜੋ ਗਹਿਰ ਗੰਭੀਰਾ, ਗੁਣੀ ਗਹੀਰਾ।

www.AKJ.Org

# ਪ੍ਰੇਮ ਸੁਨੇਹੜਾ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਪ੍ਰੇਮ ਦੇ ਰੰਗ ਵਿਚ ਰਤੜੇ 'ਰਾਂਗ ਰੰਗੀਲੜੇ' ਸਖਾ-ਸਜਣਾਂ ਦੇ ਪਰਸਪਰ ਪ੍ਰੇਮ ਦੇ ਹੁਲਾਸ, ਅਤੇ ਨਾਇ-ਰਸੀਅੜੇ ਮਧੁਰ ਮਿਠ-ਬੋਲੜੇ ਪ੍ਰੇਮੀ ਜਨਾਂ ਦੇ ਪ੍ਰੇਮ ਬਿਲਾਸ, ਜੇ ਪ੍ਰੇਮਾ ਭਗਤੀ ਨਹੀਂ ਤਾਂ ਪ੍ਰੇਮ-ਕਹਾਣੀਆਂ ਤਾਂ ਜ਼ਰੂਰ ਹਨ । ਇਹਨਾਂ ਪ੍ਰੇਮ-ਕਹਾਣੀਆਂ ਦਾ ਕਹਿਣਾ ਕੀ ਹੈ ? ਪ੍ਰੇਮ ਦਾ ਗਹਿਣਾ ਪਹਿਰਨਾ ਹੈ। ਚਾਉ-ਚਈਲੀ ਅਤੇ ਰਸ-ਰਸੀਲੀ ਪ੍ਰੇਮ ਦੀ ਧੁਨੀ ਵਿਚ ਮਧੁਰ ਮਧੁਰ ਪ੍ਰੇਮ ਦੇ ਫੁਹਾਰੇ ਫੁਟ ਕੇ, ਜਦ ਕਦੀ ਕਿ ਪ੍ਰੇਮੀਆਂ ਦੀ ਚਲੂਲੇ ਰੰਗਾਂ ਦੀ ਮਸਤ ਦਸ਼ਾ ਹੁੰਦੀ ਹੈ, ਉਸ ਨੂੰ ਦੇਖ ਕੇ ਦੇਖਣਹਾਰਾ ਅਜਿਹਾ ਕੋਈ ਨਹੀਂ ਹੁੰਦਾ ਹੋਵੇਗਾ, ਜਿਸ ਦਾ ਹਿਰਦਾ ਅਨੰਦਤ ਨਾ ਹੁੰਦਾ ਹੋਵੇ । ਕੀਰਤਨ-ਮੰਡਲ ਵਿਚ ਪ੍ਰੇਮੀਆਂ ਦੇ ਪਰਸਪਰ ਜੁੜ ਜਾਣ ਦਾ ਸਮਾਗਮ ਜਦ ਕਦੀ ਕਿ ਗੁਰੂ ਪ੍ਰੇਰਨਾ ਅਨੁਸਾਰ ਬਝਦਾ ਹੈ, ਉਸ ਦਾ ਵਰਨਣ ਹੋਣਾ ਅਤੀਅੰਤ ਅਲੌਕਿਕ ਗੱਲ ਹੈ :—

ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ ॥

ਵਾਲਾ ਗੁਰਪ੍ਰਮਾਣ ਏਥੇ ਘਟ ਜਾਏ ਤਾਂ ਭੀ ਅਸਚਰਜ ਨਹੀਂ । ਕੀਰਤਨੀ ਸਜਣਾਂ ਦੇ ਚੇਹਰਿਆਂ ਉਪਰ ਚੜ੍ਹੇ ਰੱਬੀ ਨੂਰ ਦੀ ਝਲਕਾਰ ਅਤੇ ਨਾਮ ਮਹਾਂ ਰਸ ਵਿਚ ਮਗਨ ਹੋਏ ਮਰਜੀਵੜਿਆਂ ਦੇ ਅੰਮ੍ਰਿਤ-ਭਿੰਨੇ ਲੋਇਣਾਂ ਦੀ ਤਾਰ ਅਤੇ ਪ੍ਰੇਮ ਦੀ ਲਹਿਰ ਵਿਚ ਨਿਮਗਨ ਹੋਏ ਅਭਿਆਸੀਆਂ ਦੀ ਅਕਲ ਬਿਕਲੀ ਦਸ਼ਾ ਵਾਲੀ ਲੋਟ-ਪੋਟੀ ਹੁਲਾਰ ਇਹੋ ਗੁਰ-ਲੋਰੀ ਮੂਹੋਂ ਕਢਵਾਉਂਦੀ ਹੈ ਕਿ :—

"ਹਰਿ ਅਮਿਉ ਰਸਾਇਣੁ ਪੀਵੀਐ ॥
ਮੁਹਿ ਡਿਠੈ ਜਨ ਕੈ ਜੀਵੀਐ ॥"

[ਮਾਝ ਮ: ੫, ਪੰਨਾ ੧੩੨

ਨਾਮ ਦੀ ਪ੍ਰਮਾਰਥੀ ਚਮਕ ਨਾਲ ਚਮਕੀਲੇ ਕਉਤਕੀ ਚੇਹਰਿਆਂ ਉਤੇ ਹਰਿ-ਰਸ ਟੁਲ ਟੁਲ ਪਉਂਦਾ ਪੇਖ ਕੇ ਸਹਿਜ ਸਮਾਧ ਦਾ ਸਚਾਵਾ ਅਰਥ ਸਮਝ ਵਿਚ ਆਉਂਦਾ ਹੈ। ਬਿਰਹੋਂ-ਬੇਧੇ ਹੀਅੜਿਆਂ ਵਿਚੋਂ ਨਿਕਸੇ ਪ੍ਰੇਮ ਦੇ ਤੀਰ ਸਰੋਤੇ ਜਨਾਂ ਦੇ ਸੀਨਿਆਂ ਅੰਦਰ ਸਾਂਗ ਖੜੀ ਕਰਾਵੰਦੇ ਹਨ ਅਤੇ ਰੰਗ-ਰਤੜੀ ਦਸ਼ਾ ਦੇ ਕਉਤਕੀ ਕਟਾਖਛ ਅਜਿਹੇ ਪ੍ਰੇਮ ਦੇ ਚਾਬਕ ਕਸ ਕਸ ਕੇ ਲਗਾਉਂਦੇ ਹਨ ਕਿ ਬਿਹਬਲ ਕੀਤੇ ਬਿਨਾ ਨਹੀਂ ਛਡਦੇ । ਇਹ ਸਾਰੇ ਚਮਤਕਾਰੀ ਕ੍ਰਿਸ਼ਮੇ ਕੋਈ ਮਿਣ ਮਿਥ ਕੇ ਨਹੀਂ ਖੇਡੇ ਜਾਂਦੇ, ਸਤਿਸੰਗ ਮੰਡਲ ਦੇ ਇਹ ਸੁਤੇ ਸੁਭਾਵੀ ਚੋਜ ਹਨ । ਹਰਿ-ਕੀਰਤਨ ਵਿਚ ਜੁੜੇ ਹਰਿਨਾਮੇ ਕੇ ਜੋੜੀ ਗੁਰਮੁਖ ਜਨਾਂ ਦੇ ਅਨੰਦ ਹੁਲਾਸ ਦੀ ਇਹ ਗੋਝ ਕਥਾ ਹੈ । ਇਸ ਦਾ ਜਾਣੂ ਪਛਾਣੂ ਕੇਵਲ ਓਹੋ ਵਡਿਭਾਗਾ ਜਨ ਹੋ ਸਕਦਾ ਹੈ ਜਿਸ ਨੂੰ ਪੂਰਬ ਕਰਮਾਂ ਦੇ ਪਰਭਾਵ ਕਰ ਕੇ ਅਜਿਹੇ ਸਤਿਸੰਗ ਦੀ ਸਮੀਪਤਾ ਦਾ ਸ਼ੁਭ ਸਮਾਗਮ ਅਰਥਾਤ ਅਵਸਰ ਪ੍ਰਾਪਤ ਹੋਇਆ ਹੋਵੇ, ਜੈਸਾ ਕਿ ਗੁਰਵਾਕ ਹੈ :—

"ਹਰਿ ਕੀਰਤਿ ਸਾਧ ਸੰਗਤਿ ਹੈ, ਸਿਰਿ ਕਰਮਨ
ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ,
ਜਿਸੁ ਪੁਰਬ ਲਿਖੇ ਕਾ ਲਹਿਣਾ ॥੮॥

[ਸੋਰਠ ਮ: ੫, ਪੰਨਾ ੬੪੨

ਅਜਿਹੇ ਅਖੰਡ ਸਤਿਸੰਗ ਅਤੇ ਅਖੰਡ ਕੀਰਤਨ ਦੇ ਸਮਾਗਮਾਂ ਤੋਂ ਵਿਛੜੇ ਦਰਸ-ਵੈਰਾਗੀ ਵੀਰਾਂ ਦੇ ਬਿਰਹੜੇ ਦੇਸ ਬਦੇਸੀਅੜੇ ਸਜਣਾਂ ਨੂੰ ਦੂਰ ਬੈਠੇ ਹੀ ਚੁੰਬਕ ਤਾਰਾਂ ਪੁਚਾ ਕੇ, ਇਕ ਦੂਜੇ ਨੂੰ ਟੁੰਬ ਕੇ, ਬਹੁੜ ਮਿਲਣ ਲਈ ਬੁਲਾ ਲੈਂਦੇ ਹਨ । ਗੱਲ ਕੀ, ਬਿਰਹਾ-ਵਿਜੋਗ ਅਤੇ ਸਉਣ-ਸੰਜੋਗ ਓਤ ਪੋਤ ਹੋ ਕੇ ਇਕ-ਤਾਰੀ ਅਕਥ ਕਹਾਣੀ ਬਣਾ ਦੇਂਦੇ ਹਨ । ਪ੍ਰੇਮ ਮਾਰਗ ਦੇ ਪਾਂਧੀਆਂ ਦੇ ਪਰਸਪਰ ਮਿਲਣ ਦੇ ਪ੍ਰੇਮ ਸਮਾਗਮਾਂ ਅੰਦਰ ਜੈਸੀ ਜੁੜਵੀਂ ਸਿੱਕ "ਇਕ ਪਿਆਰੇ" ਦੇ ਮਿਲਣ ਦੀ ਹੈ, ਤੈਸੀ ਹੀ ਬਿਰਹੋਂ ਬੈਰਾਗੀਆਂ ਦੇ ਪਰਸਪਰ ਬਹੁੜ ਮਿਲ ਬੈਠਣ ਤੇ ਗਲ ਮਿਲਣ ਦੀ ਤਾਂਘ ਹੈ । ਸਮੂਹ ਹਾਲਤਾਂ ਵਿਚ ਸਮੁੱਚਾ "ਪ੍ਰੇਮ ਸੁਨੇਹੜਾ" ਸ਼ਬਦ ਦੀ ਇਹ ਧੁਨਕਾਰ ਉਠਾਉਂਦਾ ਹੈ :—

"ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
ਸਾਰਿ ਸਮਾਲੇ ਤਿਨ ਸਜਣਾ, ਮੁੰਧ ਨੈਣ ਭਰੇਦੀ ॥

www.AKJ.Org

ਮੁੰਧ ਨੈਣ ਭਰੇਦੀ ਗੁਣ ਸਾਰੇਦੀ, ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ, ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ, ਤਨੁ ਮਨੁ ਆਗੈ ਰਾਖੈ ॥ ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ, ਮਿਲਿ ਪ੍ਰੀਤਮ ਰਸੁ ਚਾਖੈ ॥੩॥

[ਤੁਖਾਰੀ ਮ: ੧, ਪੰਨਾ ੧੧੧੧

ਜਦ ਦੂਰ ਬੈਠੇ ਪ੍ਰੇਮ-ਸ਼ਨੇਹੀ ਪ੍ਰੇਮ-ਬੈਰਾਗੀ ਸਜਣਾਂ ਦੇ ਪ੍ਰੇਮ-ਸੰਦੇਸੇ ਕੇਵਲ ਪ੍ਰੇਮ ਦੀ ਤਾਰ ਦੁਆਰਾ ਹੀ ਇਕ ਦੂਜੇ ਪਾਸ ਪੁੱਜ ਪੈਣ ਤਦ ਨਿਕਟ-ਵਰਤੀ, ਘਟ ਘਟ ਵਾਸੀ, ਨੇਰੇ ਹੂੰ ਤੇ ਨੇਰੇ ਵਸਣ ਵਾਲੇ ਸਜਣ ਪ੍ਰਤੀ ਪਰੁੰਨਿਆ 'ਪ੍ਰੇਮ ਸੁਨੇਹੜਾ' ਪੁੱਜ ਪੈਣ ਵਿਚ ਤਾਂ ਫੋਰਾ ਨਹੀਂ ਲਗ ਸਕਦਾ, ਕਿਉਂਕਿ ਉਹ ਸਾਜਨ ਤਾਂ ਅਜਿਹਾ ਜਾਨੀਅੜਾ ਸਾਜਨ ਹੈ, ਯਥਾ ਗੁਰਵਾਕ :—

"ਸਾਜਨੜਾ ਮੇਰਾ ਸਾਜਨੜਾ, ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥ ਜਾਨੀਅੜਾ ਹਰਿ ਜਾਨੀਅੜਾ, ਨੈਣ ਅਲੋਇਅੜਾ ਹਰਿ ਜਾਨੀਅੜਾ ॥ ਨੈਣ ਅਲੋਇਆ ਘਟਿ ਘਟਿ ਸੋਇਆ, ਅਤਿ ਅੰਮ੍ਰਿਤ ਪ੍ਰਿਅ ਗੂੜਾ ॥ ਨਾਲਿ ਹੋਵੰਦਾ ਲਹਿ ਨ ਸਕੰਦਾ, ਸੁਆਉ ਨ ਜਾਣੈ ਮੂੜਾ ॥ ਮਾਇਆ ਮਦਿ ਮਾਤਾ ਹੋਛੀ ਬਾਤਾ, ਮਿਲਣੁ ਨ ਜਾਈ ਭਰਮਧੜਾ ॥ ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ, ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥"

[ਰਾਮਕਲੀ ਮ: ੫, ਛੰਤ, ੯੨੪

ਨੈਣ ਅਲੋਇਆ, ਨਿਕਟਿ ਖਲੋਇਆ ਅਤੇ ਘਟਿ ਘਟਿ ਸੋਹਿਆ ਸਾਜਣ ਦੇਸ ਬਦੇਸੀਅੜਾ ਕਿਉਂ ਬਣਿਆ ? ਅਤੇ ਸਾਨੇਹੜੇ ਦੇਣ ਦੀ ਲੋੜ ਤਿਸੁ ਸਾਜਨ ਨੂੰ ਕਿਉਂ ਪਈ ? ਇਸ ਬੁਝਾਰਤ ਦਾ ਬੁਝਣਾ ਪ੍ਰੇਮ ਸਨੇਹੀ ਭੇਦਾਂ ਦੇ ਜਾਨਣਹਾਰੇ ਪਾਸੋਂ ਹੀ ਹੋ ਸਕਦਾ ਹੈ । ਪ੍ਰਿਉ ਪ੍ਰਿਉ ਉਚਾਰਨਹਾਰੇ ਬਬੀਹੇ ਦੀਆਂ ਕੇਵਲ ਬਾਣੀਆਂ, ਬਾਬੀਹੇ ਦੇ ਬਿਗਸਣ ਅਤੇ ਬਿਲਲਾਉਣ ਅੰਦਰ ਇਕ-ਤਾਰ ਹੀ ਹੁੰਦੀਆਂ ਹਨ, ਸੋਈ ਅੱਖੀਆਂ ਹਰਿ ਹਰਿ ਨਾਮ ਨੂੰ ਪੇਖਣਹਾਰੀਆਂ ਪ੍ਰੇਮ-ਰੰਗ ਨੂੰ ਪੇਖਦੀਆਂ ਪ੍ਰੇਮ ਨਾਲ ਕਸਾਈਆਂ ਜਾਂਦੀਆਂ ਹਨ ਅਤੇ ਸੋਈ ਅੱਖੜੀਆਂ ਜਾਨੀ ਦੇ ਪ੍ਰੇਮ-ਸੰਦੇਸੇ ਦੀ ਸਿਕ ਵਿਚ ਆਸ-ਉਡੀਣੀਆਂ ਇਕ-ਟਕ ਤਾਰ ਵਿਚ ਲਗ ਕੇ ਪ੍ਰੇਮ ਨਾਲ ਪ੍ਰੋਤੀਆਂ ਜਾਂਦੀਆਂ ਹਨ :—

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨਿ ॥

[ਵਾਰ ਕਾਨੜਾ, ਮ: ੪, ੧੩੧੮

ਵਾਲੇ ਗੁਰਵਾਕ ਦੇ ਭਾਵ ਦੀ ਦਸ਼ਾ :—

ਸੁਣਿ ਸਾਜਨ ਪ੍ਰੇਮ ਸੰਦੇਸਰਾ, ਅਖੀ ਤਾਰ ਲਗੰਨਿ ॥ ਗੁਰਿ ਤੁਠੈ ਸਜਣੁ ਮੇਲਿਆ, ਜਨ ਨਾਨਕ ਸੁਖਿ ਸਵੰਨਿ ॥੧॥

[ਵਾਰ ਗਉੜੀ ੪, ਸਲੋਕ ਮ: ੪, ੩੦੨

ਵਾਲੇ ਭਾਵ ਵਿਚ ਇਕ ਮਿਕ ਹੋ ਕੇ ਹੀ ਲੀਨ ਹੋ ਜਾਂਦੀ ਹੈ। ਪ੍ਰਿੰਮ ਦੀ ਪੀਰ ਦੇ ਬੇਧੇ ਪ੍ਰੇਮ-ਸੰਜੋਗੀਆਂ, ਹਰਿ-ਕੀਰਤਨ ਦੇ ਅਹਾਰੀਆਂ, ਨਾਮ ਮਹਾ ਰਸ ਦੇ ਮੁਸ਼ਤਾਕ ਭਵਰਿਆਂ ਦੇ ਪਰਸਪਰ ਜੁੜਨ ਦੀ ਸੁਹਾਵੜੀ ਰੁਤ ਆਈ ਦੇਖ ਕੇ ਅਜਿਹਾ 'ਪ੍ਰੇਮ ਸੁਨੇਹੜਾ' ਹੁਣ ਫੇਰ ਪਠਾ ਭੇਜਣਾ ਐਨ ਸਮੇਂ ਅਨੁਸਾਰ ਹੀ ਹੋਵੇਗਾ :—

ਆਉ ਜੀ ਤੂ ਆਉ ਹਮਾਰੈ, ਹਰਿ ਜਸੁ ਸ੍ਰਵਨ ਸੁਨਾਵਨਾ ॥੧॥ਰਹਾਉ॥ ਤੁਧੁ ਆਵਤ ਮੇਰਾ ਮਨੁ ਤਨੁ ਹਰਿਆ, ਹਰਿ ਜਸੁ ਤੁਮ ਸੰਗਿ ਗਾਵਨਾ ॥੧॥ ਸੰਤ ਕ੍ਰਿਪਾ ਤੇ ਹਿਰਦੈ ਵਾਸੈ, ਦੂਜਾ ਭਾਉ ਮਿਟਾਵਨਾ ॥੨॥ ਭਗਤ ਦਇਆ ਤੇ ਬੁਧਿ ਪਰਗਾਸੈ, ਦੁਰਮਤਿ ਦੂਖ ਤਜਾਵਨਾ ॥੩॥ ਦਰਸਨੁ ਭੇਟਤ ਹੋਤ ਪੁਨੀਤਾ, ਪੁਨਰਪਿ ਗਰਭਿ ਨ ਪਾਵਨਾ ॥੪॥ ਨਉਨਿਧਿ ਰਿਧਿ ਸਿਧਿ ਪਾਈ, ਜੋ ਤੁਮਰੈ ਮਨਿ ਭਾਵਨਾ ॥੫॥ ਸੰਤ ਬਿਨਾ ਮੈ ਥਾਉ ਨ ਕੋਈ, ਅਵਰ ਨ ਸੂਝੈ ਜਾਵਨਾ ॥੬॥ ਮੋਹਿ ਨਿਰਗੁਨ ਕਉ ਕੋਇ ਨ ਰਾਖੈ, ਸੰਤਾ ਸੰਗਿ ਸਮਾਵਨਾ ॥੭॥ ਕਹੁ ਨਾਨਕ ਗੁਰਿ ਚਲਤੁ ਦਿਖਾਇਆ, ਮਨ ਮਧੇ ਹਰਿ ਹਰਿ ਰਾਵਨਾ ॥੮॥੨॥

[ਮਾਰੂ ਮ: ੫, ਪੰਨਾ ੧੦੧੮

●

www.AKJ.Org

# ਪਾਖੰਡਿ ਭਗਤਿ ਨ ਹੋਵਈ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ]

ਪ੍ਰਭਾਤ ਦਾ ਵੇਲਾ ਸੀ। ਸਾਗਰ ਵਲੋਂ ਠੰਡੀ ਹਵਾ ਵਗ ਕੇ ਸਰੀਰਾਂ ਨੂੰ ਠੰਡ ਪਾ ਰਹੀ ਸੀ। ਜਗਨ ਨਾਥ ਦੇ ਮੰਦਰ ਵਿਚੋਂ ਦਰਸ਼ਨ, ਪੂਜਾ ਕਰ ਕੇ ਸਾੜ੍ਹੀਆਂ ਤੇ ਧੋਤੀਆਂ ਵਾਲੇ ਹਰ ਉਮਰ ਦੇ ਇਸਤ੍ਰੀਆਂ-ਪੁਰਸ਼ ਨੰਗੇ ਸਿਰੀਂ ਮੁੜ ਰਹੇ ਸਨ। ਕਈਆਂ ਦੇ ਹੱਥਾਂ ਵਿਚ ਫੁੱਲ, ਮਾਲਾ, ਚੰਦਨ, ਆਦਿ ਪੂਜਾ-ਅਰਚਾ ਦੀਆਂ ਵਸਤੂਆਂ ਰੱਖਣ ਵਾਲੀਆਂ ਪਿੱਤਲ ਦੀਆਂ ਨਿੱਕੀਆਂ ਨਿੱਕੀਆਂ ਡੋਲੀਆਂ ਸਨ। ਕਈਆਂ ਦੇ ਗਲਾਂ ਵਿਚ ਮਾਲਾਂ ਸਨ ਤੇ ਕਈਆਂ ਦੇ ਹੱਥਾਂ ਵਿਚ। ਕਈ ਮਾਲਾਦਾਨੀਆਂ ਹੱਥ ਤੇ ਚੜ੍ਹਾ ਕੇ ਗੁਪਤ ਮਾਲਾ ਫੇਰ ਰਹੇ ਸਨ। ਕਈ ਜਪ ਕਰਦੇ ਆਉਂਦੇ ਸਨ। ਕਈ ਮੰਤਰਾਂ ਦਾ ਪਾਠ ਕਰਦੇ ਮੁੜ ਰਹੇ ਸਨ। ਕੋਈ ਭਜਨ ਗਾ ਰਿਹਾ ਸੀ ਤੇ ਕੋਈ ਕਿੰਗਰੀ ਵਜਾ ਰਿਹਾ ਸੀ। ਇਨ੍ਹਾਂ ਵਿਚ ਵਧੇਰੇ ਅਰਧ-ਧਾਰਮਿਕ ਤੇ ਕੁਝ ਤਮਾਸ਼ਬੀਨ ਵੀ ਸਨ।

ਖੁਲ੍ਹੇ ਮੈਦਾਨਾਂ ਵਿਚ ਇਸਤ੍ਰੀਆਂ-ਮਰਦਾਂ ਦਾ ਇਕ ਘੇਰਾ ਬਣਿਆ ਹੋਇਆ ਸੀ ਅਤੇ ਮੰਦਰ ਵਿਚ ਆਉਣ-ਜਾਣ ਵਾਲਿਆਂ ਵਿਚੋਂ ਨਿਖੜ ਕੇ ਕਈ ਲੋਕ ਇਸ ਘੇਰੇ ਨੂੰ ਹੋਰ ਵੱਡਾ ਤੇ ਸੰਘਣਾ ਬਣਾਈ ਜਾ ਰਹੇ ਸਨ। ਵਿਚਕਾਰ ਮ੍ਰਿਗਛਾਲਾ ਤੇ ਇਕ ਜਟਾਧਾਰੀ ਸਮਾਧੀ ਲਗਾਈ ਬੈਠਾ ਸੀ। ਚੌਂਕੜੀ ਮਾਰੀ ਉਹ ਆਪਣੇ ਸਰੀਰ ਨੂੰ ਉੱਪਰ ਖਿੱਚ ਕੇ ਸਾਵਧਾਨ ਬੈਠਾ ਸੀ। ਪੇਟ ਉਸ ਅੰਦਰ ਖਿਚਿਆ ਹੋਇਆ ਸੀ। ਉਸ ਦੇ ਮੂੰਹ ਵਿਚੋਂ ਓਅੰ ਓਅੰ ਦੀ ਧੁਨੀ ਨਿਕਲਦੀ ਜਾਪਦੀ ਸੀ। ਸਮਾਧੀ ਵਿਚ ਜਾਣ ਤੋਂ ਪਹਿਲੋਂ ਉਹ ਦਸ ਚੁਕਾ ਸੀ ਕਿ ਸਮਾਧੀ ਅਵਸਥਾ ਵਿਚ ਉਸ ਦਾ ਪਰਮ ਗੁਰੋ ਪਰਮਾਤਮਨਮ ਦੇ ਕ੍ਰਿਸ਼ਨ-ਵਿਸ਼ਣੂ ਰੂਪ ਨਾਲ ਸਾਕ੍ਸ਼ਾਤਕਾਰ ਹੁੰਦਾ ਸੀ ਤੇ ਸਾਰੀ ਸ੍ਰਿਸ਼ਟੀ ਤਿੰਨਾਂ ਕਾਲਾਂ ਵਿਚ ਨਜ਼ਰ ਆਉਂਦੀ ਸੀ। ਜਟਾਧਾਰੀ ਦੇ ਅੱਗੇ ਇਕ ਪਿੱਤਲ ਦਾ ਪਾਤਰ ਪਿਆ ਸੀ, ਜਿਸ ਵਿਚ ਪ੍ਰਭਾਵਿਤ ਜਨ-ਸਮੂਹ ਛੋਟੇ ਵਡੇ ਸਿੱਕੇ ਸੁੱਟ ਰਿਹਾ ਸੀ ਅਤੇ ਜਿਸ ਵਿਚ ਕਾਫ਼ੀ ਮਾਇਆ ਇਕੱਠੀ ਹੋ ਚੁਕੀ ਸੀ।

ਕਾਲੇ ਦਾੜ੍ਹੇ ਵਾਲਾ ਇਕ ਪੁਰਸ਼ ਅਗਾਂਹ ਵਧਿਆ। ਕੱਦ ਉਸ ਦਾ ਲੰਮਾ, ਹੱਡ ਪੈਰ ਮਜ਼ਬੂਤ, ਚਿਹਰੇ ਦਾ ਰਗ ਲਾਲੀ-ਰਲਿਆ-ਕਣਕ-ਭਿੰਨਾ ਸੀ, ਪਰ ਜਲਾਲ ਰੂਹਾਨੀ ਸੀ। ਉਸ ਦੀਆਂ ਮੋਟੀਆਂ ਅੱਖਾਂ ਵਿਚ ਤੀਬਰਤਾ, ਆਕਰਸ਼ਣ ਤੇ ਇਕ ਵਿਲੱਖਣ ਸਰੂਰ ਸੀ।

ਭੀੜ ਵਿਚੋਂ ਇਕ ਨੇ ਆਪਣੇ ਸਾਥੀ ਨੂੰ ਕਿਹਾ, "ਇਹ ਤੇ ਉਹੋ ਮਹਾਤਮਾ ਹੈ ਜੋ ਕਲ੍ਹ ਸ੍ਰੀ ਜਗਨ ਨਾਥ ਜੀ ਦੀ ਰਾਤ੍ਰੀ ਦੀ ਆਰਤੀ ਵਿਚੋਂ ਨਿਕਲ ਆਇਆ ਸੀ। ਕਹਿੰਦਾ ਸੀ, 'ਤੁਹਾਡਾ ਮਨ ਪ੍ਰਭੂ ਵਿਚ ਨਹੀਂ ਸੀ, ਤੁਹਾਡਾ ਆਰਤੀ ਦਾ ਕਰਮ ਫੋਕਟ ਸੀ, ਤੁਹਾਡੀ ਆਰਤੀ ਝੂਠੀ ਸੀ, ਇਸ ਲਈ ਮੈਂ ਤੁਹਾਡੀ ਆਰਤੀ ਵਿਚ ਸ਼ਾਮਲ ਨਹੀਂ ਹੋਇਆ।' "

ਭੀੜ ਵਿਚੋਂ ਕਈ ਹੋਰਨਾਂ ਨੇ ਇਸ ਮਹਾਤਮਾ ਨੂੰ ਪਛਾਣ ਲਿਆ, ਜੋ ਰਾਤ ਦੇ ਕੌਤਕ ਦੇ ਸਾਖੀ ਸਨ। ਇਕ ਹੋਰ ਨੇ ਆਪਣੀ ਸਾਥਣ ਨੂੰ ਕਿਹਾ, "ਇਹ ਕਹਿੰਦਾ ਸੀ 'ਅਸੀਂ ਆਰਤੀ ਕਰਨ ਵਾਲੇ ਕੌਣ ਹਾਂ? ਪ੍ਰਭੂ ਪਰਮਾਤਮਾ ਦੀ ਆਰਤੀ ਤੇ ਕੁਦਰਤ ਵਲੋਂ ਸਦਾ ਹੋ ਰਹੀ ਹੈ।' ਫੇਰ ਇਸ ਨੇ ਆਪਣੀ ਆਰਤੀ ਗਾਈ ਸੀ।" ਲਾਗੇ ਖੜੇ ਇਕ ਹੋਰ ਨੇ ਪਹਿਲੇ ਵੱਲ ਮੁੜ ਕੇ ਕਿਹਾ, "ਤੇ ਕਿੰਨੀ ਮਧੁਰ ਤੇ ਉੱਚੀ ਅਵਾਜ਼ ਸੀ, ਜਿਵੇਂ ਬੱਦਲ ਆਪਣੀ ਗਰਜਵੀਂ ਆਵਾਜ਼ ਵਿਚ ਗਾ ਰਿਹਾ ਹੋਵੇ। ਉਸ ਦਾ ਸਾਥੀ ਵੀ ਨਿਪੁੰਨ ਸਾਜ਼ਿੰਦਾ ਹੈ। ਸਾਨੂੰ ਤਾਂ ਚੰਦ-ਤਾਰੇ ਪ੍ਰਭੂ ਪਰਮਾਤਮਾ ਦੀ ਆਰਤੀ ਵਿਚ ਘੁੰਮਦੇ ਦਿਸ ਪਏ ਸਨ।" ਕਈਆਂ ਨੇ ਕਿਹਾ, "ਇਹ ਸਾਧੂ ਐਵੇਂ ਕੈਵੇਂ ਨਹੀਂ, ਕੋਈ ਮਹਾਂ ਪੁਰਸ਼ ਹੈ, ਅਵਤਾਰੀ ਮਹਾਤਮਾ ਹੈ।"

"ਲਓ ਉਹ ਪਿੜ ਵਿਚੋਂ ਅਗਾਂਹ ਆ ਗਿਆ। ਪੈਰ ਨੰਗੇ ਨੇ।"

"ਕੀ ਕਰੇਗਾ ਇਹ!"

ਮਹਾਤਮਾ ਹੋਰ ਅੱਗੇ ਵਧਿਆ। ਉਸ ਦਾ ਚੋਲਾ, ਜਿਸ ਦਾ ਰੰਗ ਧੁੱਪਾਂ ਤੇ ਧੁਆਈਆਂ ਨਾਲ ਨੀਮ-ਬਦਾਮੀ ਜਿਹਾ ਜਾਪਦਾ ਸੀ, ਗੋਡਿਆਂ ਤਕ ਲੰਮਾ ਸੀ। ਸਿਰ ਤੇ ਖੱਦਰ ਦੀ ਪੀਲੀ ਜਿਹੀ ਨਿੱਕੀ ਪੱਗ ਸੁਘੜਤਾ ਨਾਲ ਬੱਧੀ ਹੋਈ ਸੀ। ਸਾਧਾਰਨ ਗ੍ਰਿਹਸਤੀ ਜਾਪਦਾ ਸੀ,

www.AKJ.Org

ਫੇਰ ਵੀ ਪ੍ਰਭਾਵ ਆਸਮਾਨੀ ਸੀ। ਪਿੜ ਵਿਚ ਸੁੰਨ ਵਰਗੀ ਚੁੱਪ ਹੋ ਗਈ। ਦੱਬੇ ਪੈਰੀਂ ਮਹਾਤਮਾ ਅਗਾਂਹ ਵਧਿਆ। ਦਾਨ-ਪਾਤਰ ਅਛੋਪਲੀ ਚੁੱਕ ਕੇ ਬਿਨ ਬਿੜਕ ਜਟਾਧਾਰੀ ਦੀ ਪਿੱਠ ਪਿਛੇ ਰਖ ਦਿਤਾ। ਆਪ ਦੱਬੇ ਪੈਰੀਂ ਭੀੜ ਵਿਚ ਆ ਰਲਿਆ, ਜਿੱਥੇ ਉਹ ਨੀਵੀਆਂ ਇਮਾਰਤਾਂ ਵਿਚ ਉੱਚਾ ਮੁਨਾਰਾ ਜਾਪਣ ਲੱਗਾ।

ਮਹਾਤਮਾ ਦਾ ਇਹ ਕੌਤਕ ਦੇਖ ਕੇ ਲੋਕਾਂ ਨੇ ਦਾਨ-ਪਾਤਰ ਵਿਚ ਸਿੱਕੇ ਸੁੱਟਣੇ ਬੰਦ ਕਰ ਦਿੱਤੇ। ਕੁਝ ਚਿਰ ਮਗਰੋਂ ਜਟਾਧਾਰੀ ਨੇ ਚੋਰੀ ਜਹੀ ਥੋੜ੍ਹੀਆਂ ਜਿਹੀਆਂ ਅੱਖਾਂ ਖੋਲ੍ਹੀਆਂ, ਪਰ ਝੱਟ ਹੀ ਬੰਦ ਕਰ ਲਈਆਂ। ਉਹ ਵਧੇਰੇ ਉਡੀਕ ਨਾ ਕਰ ਸਕਿਆ। ਉਸ ਨੇ ਸਾਰੀਆਂ ਅੱਖਾਂ ਖੋਲ੍ਹ ਲਈਆਂ ਅਤੇ ਦਾਨ-ਪਾਤਰ ਸਾਹਮਣੇ ਨਾ ਦੇਖਿਆ। ਉਸ ਨੇ ਯਕੀਨ ਕਰਨ ਲਈ ਆਪਣੇ ਦੋਵੇਂ ਹੱਥ ਦਾਨ-ਪਾਤਰ ਵਾਲੀ ਥਾਂ ਤੇ ਮਾਰੇ ਤੇ ਉੱਚੀ ਦਿੱਤੀ ਤੜਫਿਆ, "ਕਹਾਂ ਹੈ ਹਮਾਰਾ ਦਾਨ-ਪਾਤਰ ? ਕਿਸ ਪਾਪੀ ਨੇ ਇਸੇ ਉਠਾਇਆ ਹੈ ?"

ਸਾਰੇ ਲੋਕ ਇਕ ਦਮ ਹੱਸ ਪਏ। ਮਾਨੋ ਹਾਸੇ ਦਾ ਹੜ੍ਹ ਆ ਗਿਆ। ਜਟਾਧਾਰੀ ਘਬਰਾ ਗਿਆ। ਕ੍ਰੋਧ ਵਿਚ ਅੱਖਾਂ ਲਾਲ ਕਰ ਕੇ ਕਹਿਣ ਲੱਗਾ, "ਹਮਾਰਾ ਦਾਨ-ਪਾਤਰ ਤੁਮ੍ਹਾਰੇ ਸਾਮਨੇ ਕਿਸੀ ਨੇ ਉਠਾ ਲੀਆ ਔਰ ਤੁਮ ਬਤਾਨੇ ਕੀ ਜਗਹ ਹੰਸਤੇ ਹੋ ?"

ਕਿਸੇ ਨੇ ਭੀੜ ਵਿਚੋਂ ਕਿਹਾ, "ਆਪ ਤੋਂ ਪ੍ਰਭੂ ਕੇ ਸਾਕਸ਼ਾਤ ਦਰਸ਼ਨ ਕਰ ਰਹੇ ਥੇ ?" ਕਿਸੇ ਹੋਰ ਨੇ ਕਿਹਾ, "ਤੁਸੀ ਤੇ ਸਾਰੇ ਵਿਸ਼ਵ ਵਿਚ ਤਿੰਨ ਕਾਲ ਦੇ ਕਾਰਜ ਦੇਖ ਰਹੇ ਸਾਓ।" ਕਿਸੇ ਸ਼ੋਖ ਆਵਾਜ਼ ਨੇ ਕਿਹਾ, "ਪਰ ਇਨ੍ਹਾਂ ਨੂੰ ਆਪਣੇ ਪਿੱਛੇ ਪਿਆ ਦਾਨ-ਪਾਤਰ ਨਹੀਂ ਦਿਸ ਸਕਿਆ !" ਫੇਰ ਹਾਸੇ ਦਾ ਹੜ੍ਹ ਆ ਗਿਆ। ਚਾਰੇ ਪਾਸਿਓਂ ਆਵਾਜ਼ਾਂ ਆ ਰਹੀਆਂ ਸਨ, "ਪਾਖੰਡੀ ਹੈ, ਪਾਖੰਡੀ ਹੈ।" ਪਰ ਮਹਾਤਮਾ ਚੁੱਪ ਖੜਾ ਸੀ। ਜਟਾਧਾਰੀ ਦੀ ਨਜ਼ਰ ਮਹਾਤਮਾ ਤੇ ਪਈ ਤੇ ਉਹ ਮਾਨੋ ਕੰਬ ਉੱਠਿਆ। ਉਸ ਪਾਤਰ ਤੇ ਮ੍ਰਿਗਛਾਲਾ ਸੰਭਾਲੀ ਤੇ ਤੁਰਦਾ ਬਣਿਆ। ਭੀੜ ਨੇ ਮਹਾਤਮਾ ਨੂੰ ਘੇਰ ਲਿਆ। "ਕੌਣ ਹੈ ? ਕੌਣ ?" ਦੀਆਂ ਅਵਾਜ਼ਾਂ ਉਠੀਆਂ। ਇਕ ਨਵੇਂ ਆਏ ਨੇ ਮਹਾਤਮਾ ਵੱਲ ਦੇਖ ਕੇ ਉੱਚੀ ਦਿੱਤੀ ਕਿਹਾ, "ਇਹ ਤੇ ਗੁਰੂ ਨਾਨਕ ਹੈ !"

ਸਾਰਿਆਂ ਦੇ ਮਸਤਕ ਮਹਾਤਮਾ ਅੱਗੇ ਝੁਕ ਗਏ। ਤੇ ਪਲ ਭਰ ਮਗਰੋਂ ਨਾਹਰਾ ਗੂੰਜਿਆ, "ਜੈ ਗੁਰੂ ਨਾਨਕ !" "ਜੈ, ਜੈ ਸਤਿਗੁਰੂ ਨਾਨਕ !"

## ਅਨੋਖੀ ਸਮਝ

[ਵਲੋਂ—ਬੀਬੀ ਇੰਦਰਜੀਤ ਕੌਰ ਜੀ, ਕਾਨਪੁਰ]

ਸਮਝ ਮੇਰੀ ਨੂੰ ਚਾ ਸੀ ਚੜ੍ਹਿਆ,
ਸਮਝ ਸਮਝ ਕੇ ਸਮਝਾਂ।
ਸਮਝ ਟੁਰਾਂ ਤੇ ਸਮਝ ਲਵਾਂ,
ਸਭ ਆਸ਼ੇ ਡੂੰਘੀਆਂ ਰਮਜ਼ਾਂ।
ਸਮਝ ਸਮਝਦੇ ਸਮਝ ਮੇਰੀ ਚੋਂ,
ਸਮਝ ਅਨੋਖੀ ਉੱਠੀ ;
ਸਮਝ - ਦੇਸ਼ ਤੂੰ ਲੈ ਮਨੂ ਉਡੀਂ,
ਸਭ ਮਾਰ - ਮੁਕਾਈਆਂ ਸਮਝਾਂ।

www.AKJ.Org

# ਗੁਰਦਵਾਰਾ ਨਾਨਕ ਬਿਲਬਿੰਗ ਚਿਟਾਗਾਂਗ (ਬੰਗਲਾ ਦੇਸ਼)

[ਵਲੋਂ—ਸ: ਹਰਭਜਨ ਸਿੰਘ ਜੀ ਨਾਇਬ ਸੂਬੇਦਾਰ]

'ਸੂਰਾ' ਮਈ ੧੯੭੫ ਵਿਚ ਬੀਬੀ ਨੂਰ ਸ਼ਾਹ ਬਾਰੇ ਇਕ ਲੇਖ ਪੜ੍ਹਿਆ ਤਾਂ ਗੁ: ਬਰਛਾ ਸਾਹਿਬ ਢਾਕਾ (ਬੰਗਲਾ ਦੇਸ਼) ਬਾਰੇ ਵੀ ਹਵਾਲਾ ਪੜ੍ਹ ਕੇ ਵਾਹਵਾ ਜਾਣਕਾਰੀ ਹੋਈ ਅਤੇ ਜੂਨ ੧੯੭੫ ਦੇ 'ਸੂਰਾ' ਵਿਚ ਪੰਨਾ ੯ ਦੇ ਹੇਠ ਕਰਕੇ ਛੋਟੀ ਜਿਹੀ ਵਾਕਫ਼ੀ ਦੇ ਤੌਰ ਤੇ ਸੁਰਖ਼ੀ ਪੜ੍ਹੀ ਜੋ ਕਿ ਗਿ: ਗੁਰਬਚਨ ਸਿੰਘ ਜੀ ਮੈਨੇਜਰ 'ਤਖ਼ਤ ਪਟਨਾ ਸਾਹਿਬ' ਦੇ ਹਵਾਲੇ ਹੇਠ ਛਾਪੀ ਗਈ ਤਾਂ ਮੈਨੂੰ ਦਸੰਬਰ ੭੧ ਦੇ ਉਹ ਜੰਗੀ-ਦਿਨ ਯਾਦ ਆ ਗਏ ਜਦ ਮੈਂ ਆਪਣੀ ਬਹਾਦਰ ਬਟਾਲੀਅਨ ਦੇ ਨਾਲ ਦੇਸ਼ ਹਿਤ ਫ਼ਰਜ਼ ਨਿਭਾਉਂਦਾ ਹੋਇਆ ਬੰਗਲਾ ਦੇਸ਼ ਦੀ ਧਰਤੀ ਉਪਰ ਬੀਰ-ਰਸੀ ਕਦਮ ਪੁੱਟ ਰਿਹਾ ਸਾਂ — ਜੰਗ ਦੇ ਦੌਰਾਨ ਮਨ ਵਿਚ ਬੜੀ ਸਧਰ ਸੀ ਕਿ ਧੰਨ ਗੁਰੂ ਨਾਨਕ ਮਹਾਰਾਜ ਏਧਰ ਜਿਥੇ ਜਿਥੇ ਆਏ ਹਨ, ਜੇ ਉਨ੍ਹਾਂ ਥਾਵਾਂ ਵਿਚੋਂ ਕਿਸੇ ਇਕ ਦੇ ਵੀ ਦਰਸ਼ਨ ਕਰ ਸਕੀਏ ਤਾਂ ਆਪਣਾ ਜੀਉੜਾ ਧੰਨਤਾ ਦੇ ਯੋਗ ਹੋ ਜਾਵੇ। ਇਸ ਤਾਂਘ ਤੇ ਮਿਠੀ ਸਧਰ ਨੂੰ ਫਲ ਉਦੋਂ ਲੱਗਾ ਜਦੋਂ ਅਸੀਂ 'ਸੀਜ਼-ਫਾਇਰ' ਹੋਣ ਤਕ 'ਚਿਟਾਗਾਂਗ' ਦੀ ਪਰਸਿੱਧ ਬੰਦਰਗਾਹ ਤੇ ਪੁਜ ਗਏ ਸਾਂ—ਕਈ ਦਿਨ ਇਥੇ ਰੁਕਣ ਦਾ ਸਮਾਂ ਮਿਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬੀਰਤਾ ਦਾ ਪ੍ਰਤੀਕ ਮਹਾਨ ਜਨਮ ਦਿਵਸ ਵੀ ਅਸੀਂ ਇਥੇ ਹੀ 'ਸਹਿਜ-ਪਾਠ' ਦਾ ਭੋਗ ਪਾ ਕੇ ਮਨਾਇਆ ਅਤੇ ਆਪਣੇ ਸ਼ਹੀਦੀ ਪ੍ਰਾਪਤ ਕਰ ਗਏ ਸਾਥੋਂ ਵਿਛੁੜ ਚੁਕੇ ਸਾਥੀ ਯੋਧਿਆਂ ਦੀ ਯਾਦ ਵਿਚ ਅਰਦਾਸਾਂ ਕੀਤੀਆਂ। ਅਚਾਨਕ ਇਕ ਦਿਨ ਮੈਂ ਬੰਦਰਗਾਹ ਉਪਰ ਘੁੰਮਦਿਆਂ ਹੋਇਆਂ ਇਕ ਬੰਗਾਲੀ ਵੀਰ ਨੂੰ ਪੁਛਿਆ, 'ਜਨਾਬ, ਯਹਾਂ ਪਰ ਸਿੱਖ-ਧਰਮ ਸੇ ਸਬੰਧਤ ਕੋਈ ਇਮਾਰਤ ਜਾਂ ਕੋਈ ਜਗਾਹ ਹੈ ?'

ਉਸ ਨੇ ਸਾਨੂੰ ਦਸਿਆ ਕਿ ਨਿਊ ਮਾਰਕੀਟ ਤੋਂ ਕੁਝ ਕੁ ਫ਼ਰਲਾਂਗ ਅਗਾਂਹ ਜਾ ਕੇ ਇਕ ਸੜਕ ਦਾ ਮੋੜ ਮੁੜ ਕੇ ਤੁਹਾਨੂੰ ਇਕ ਜਗਾਹ ਦਿਸੇਗੀ ਜਿਸ ਉਪਰ ਅਸੀਂ ਕਈ ਦਫ਼ਾ ਲੰਘਦਿਆਂ ਟੱਪਦਿਆਂ 'ਗੁਰੂ ਨਾਨਕ ਬਿਲਡਿੰਗ' ਦਾ ਬੋਰਡ ਲਟਕਿਆ ਦੇਖਿਆ ਹੈ। ਇਸ ਦੇ ਨਾਲ ਨਾਲ ਇਕ ਹੋਰ ਗੁਰਦਵਾਰਾ ਹੈ ਜੋ ਕਿ ਅਗਾਂਹ ਜਾ ਕੇ 'ਚਾਹ-ਬਾਗਾਨ' ਵਿਚ ਹੈ। ਮੈਂ ਦੂਜੇ ਦਿਨ ਆਪਣੇ ਅਰਦਲੀ ਨੂੰ ਨਾਲ ਲੈ ਕੇ ਬਾਜ਼ਾਰ ਵਿਚ ਨੂੰ ਨਿਕਲ ਗਿਆ। ਨਿਊ ਮਾਰਕੀਟ ਤੋਂ ਸਾਨੂੰ ਇਕ ਮੇਹਰਬਾਨ ਬੰਗਾਲੀ ਵੀਰ ਆਪਣੀ ਕਾਰ ਵਿਚ 'ਗੁਰੂ ਨਾਨਕ ਬਿਲਡਿੰਗ' ਦੇ ਬਿਲਕੁਲ ਕਰੀਬ ਤਕ ਛਡ ਗਿਆ — ਅਸੀਂ ਅਜੇ ਕਾਰ ਵਿਚੋਂ ਉਤਰ ਕੇ ਕਾਰ ਦੇ ਚਾਲਕ ਦਾ ਧੰਨਵਾਦ ਹੀ ਕਰਦੇ ਸਾਂ ਕਿ ਮੇਰੇ ਅਰਦਲੀ ਨੇ ਦੂਰੋਂ ਹੀ ਸਾਈਨ ਬੋਰਡ ਪੜ੍ਹ ਲਿਆ ਤੇ ਅਸੀਂ ਬਿਨਾ ਕਿਸੇ ਹਿਚਕਿਚਾਹਟ ਤੋਂ ਅੰਦਰ ਲੰਘ ਗਏ — ਅੱਗੇ ਅਸੀਂ ਕੀ ਦੇਖਦੇ ਹਾਂ ਕਿ ਕਾਫ਼ੀ ਲੰਬੀ ਚੌੜੀ ਚਾਰ ਦੀਵਾਰੀ ਅੰਦਰ ਗੁਰਦਵਾਰਾ ਸਾਹਿਬ ਦੀ ਪੁਰਾਣੀ ਇਮਾਰਤ ਹੈ, ਜੋ ਕਿ ਹੁਣ ਕਿਸੇ ਖੰਡਰ ਤੋਂ ਸਿਵਾ ਕੁਝ ਨਹੀਂ ਦਿਸ ਰਹੀ ਸੀ। ਉਥੇ ਨਾਲ ਹੀ ਨਿਸ਼ਾਨ ਸਾਹਿਬ ਵੀ ਬੜਾ ਹੀ ਸੋਹਣਾ, ਪਾਈਪ ਉਪਰ ਖੰਡਾ ਜੜਿਤ ਸਿਮੈਂਟ ਦੇ ਥੜੇ ਉਪਰ ਲਗਿਆ ਹੋਇਆ ਆਪਣੇ ਪੁਰਾਣੇ ਤੇ ਰੰਗੀਲੇ ਦਿਨਾਂ ਦੀ ਯਾਦ ਆਪਣੇ ਫਟ ਕੇ ਲੀਰਾਂ ਲੀਰਾਂ ਹੋ ਚੁਕੇ ਜਰਜਰੇ ਕਪੜੇ 'ਚ ਛੁਪਾਈ ਖੜਾ ਸੀ (ਕਪੜਾ ਦੋ ਕੁ ਗਿਠਾਂ ਖੰਡੇ ਦੇ ਨਜ਼ਦੀਕ ਹੀ ਲਟਕਿਆ ਹੋਇਆ ਸੀ, ਬਾਕੀ ਪਾਈਪ ਨੰਗਾ ਸੀ)। ਖੰਡੇ ਜੜਿਤ ਨਿਸ਼ਾਨ ਸਾਹਿਬ ਦੀ ਇਹ ਹੋਂਦ ਪਰਗਟ ਕਰਦੀ ਸੀ ਕਿ ਏਥੇ ਵੀ ਕਦੀ ਸਿੱਖ-ਸੰਗਤਾਂ ਦੇ ਜੋੜ ਮੇਲੇ ਹੁੰਦੇ ਤੇ ਗੁਰਬਾਣੀ ਕੀਰਤਨ ਹੁੰਦੇ ਰਹੇ ਹਨ, ਪਰ ਐ ਵਾਹਿਗੁਰੂ ! ਹੁਣ ਉਹ ਰੰਗੀਲੇ ਤੇ ਸਜੀਲੇ ਦਿਨ ਕਿੱਧਰ ਭੇਜ ਦਿਤੇ ਜੋ ਕਿ ਕਿਤੇ ਵਰ੍ਹਿਆਂ ਬੱਧੀ ਵੀ ਕਿਸੇ ਗੁਰੂ ਕੇ ਲਾਲ ਦੇ ਦਰਸ਼ਨ ਨਸੀਬ ਨਹੀਂ ਹੁੰਦੇ।

ਸਾਡੇ ਅੰਦਰ ਜਾਂਦਿਆਂ ਹੀ ਇਕ ਮਾਤਾ ਜੀ ਵਾਹਵਾ ਬਜ਼ੁਰਗਵਾਰ ਉਮਰ, ਸਿਰ ਤੇ ਸਫ਼ੈਦ ਮੜਾਸਾ ਟਾਈਪ ਪੱਗ ਵਲ੍ਹੇਟੀ ਹੋਈ ਆ ਗਏ — ਉਂਜ ਆਲੇ-ਦੁਆਲੇ ਸਾਡੇ ਲੋਕਾਂ ਦਾ ਜਿਵੇਂ ਮਜਮਾ ਜਿਹਾ ਲੱਗ ਗਿਆ ਸੀ, ਸਭ ਨੇ ਲਗ ਪਗ ਭਗਵੇ ਜਿਹੇ ਕਪੜੇ ਪਹਿਨੇ ਹੋਏ ਤੇ ਕਈਆਂ



www.AKJ.Org

ਮਰਦਾਂ ਨੇ ਸਿਰ ਦੇ ਕੇਸ਼ ਪਿਛੇ ਨੂੰ ਸੁਟੇ ਹੋਏ ਸਨ – ਪੁੱਛਣ ਤੇ ਪਤਾ ਲੱਗਾ ਕਿ ਇਹ ਸਭ ਹਿੰਦੂ ਪਰਿਵਾਰ ਹਨ ਤੇ ਲੜਾਈ ਦੇ ਦਿਨਾਂ ਵਿਚ ਏਥੇ ਹੀ ਸਰਨਾਗਤ ਹੋ ਰਹੇ ਹਨ । ਮਾਤਾ ਜੀ ਨੇ ਸਾਨੂੰ ਭਰੀਆਂ ਹੋਈਆਂ ਸੇਜਲ ਅੱਖਾਂ ਦੇ ਨਾਲ ਸਿਰਾਂ ਤੇ ਹੱਥ ਫੇਰ ਕੇ ਅਸ਼ੀਰਵਾਦ ਵੀ ਦਿਤਾ । ਉਹ ਭਾਵੇਂ ਬੰਗਾਲੀ ਮਿਲੀ ਹਿੰਦੀ ਜਿਹੀ ਬੋਲਣ ਦੀ ਕੋਸ਼ਿਸ਼ ਕਰਦੇ ਸਨ ਪਰ ਅਸੀਂ ਆਪਣੇ ਗੁਜ਼ਾਰੇ ਜੋਗਾ ਸਮਝ ਗਏ ਸਾਂ । ਮਾਂ ਜੀ ਸਾਨੂੰ ਦਰਬਾਰ ਦੇ ਕਮਰੇ 'ਚ ਲੈ ਗਏ । ਇਹ ਕਮਰਾ ਵੀ ਕਦੀ ਵਾਹਵਾ ਸਜੀਲਾ ਰਿਹਾ ਹੋਇਆ ਲਗਦਾ ਸੀ। ਫ਼ਰਸ਼ ਤੇ ਲੈਂਟਰ ਦੀ ਛੱਤ ਅਜੇ ਵੀ ਵਾਹਵਾ ਸੋਹਣੀ ਨਜ਼ਰ ਆ ਰਹੀ ਸੀ ਭਾਵੇਂ ਕਿ ਬਾਕੀ ਬਿਲਡਿੰਗ ਲੜਾਈ 'ਚ ਪਾਕਸਤਾਨੀ ਜਾਰਿਹਾਨਾ ਕਾਰਵਾਈਆਂ ਦੀ ਭੇਂਟ ਹੋ ਚੁਕੀ ਸੀ, ਪਰ ਦਰਬਾਰ ਦਾ ਕਮਰਾ ਪਰਮਾਤਮਾ ਦੀ ਮੇਹਰ ਦਾ ਸਦਕਾ ਖੜਾ ਰਿਹਾ ਸੀ । ਸਾਨੂੰ ਉਸ ਵੇਲੇ ਅੰਤਾਂ ਦੀ ਖ਼ੁਸ਼ੀ ਹੋਈ ਜਦ ਮਾਤਾ ਜੀ ਨੇ ਦਰਵਾਜ਼ਾ ਖੋਲ੍ਹ ਕੇ ਗੁਰੂ ਗ੍ਰੰਥ ਸਾਹਿਬ ਜੀ ਸਰੂਪ ਦੇ ਸਾਨੂੰ ਦਰਸ਼ਨ ਕਰਵਾਏ, ਬੀੜ ਸਾਹਿਬ ਸਮੇਂ ਦੇ ਗੇੜ ਵਿਚ ਆ ਕੇ ਭਾਵੇਂ ਵਾਹਵਾ ਬਿਰਧ ਹੋ ਚੁਕੇ ਸਨ ਤੇ ਆਲੇ ਦੁਆਲੇ ਦੇ ਵਰਕੇ ਫਟ ਵੀ ਚੁਕੇ ਸਨ ਪਰ ਧੰਨ ਸਨ ਉਹ ਮਾਂ ਜੀ ਜਿਨ੍ਹਾਂ ਨੇ ਸਾਫ਼ ਸੁਥਰੇ ਥੜੇ ਉਪਰ ਬਹੁਤ ਹੀ ਸੁੰਦਰ ਟੈਰਾਲੀਨ ਵਰਗੇ ਕਪੜੇ ਦੇ ਰੁਮਾਲਿਆਂ ਵਿਚ ਸਤਿਗੁਰੂ ਜੀ ਨੂੰ ਸੁਖ ਆਸਣ ਕੀਤਾ ਹੋਇਆ ਸੀ, ਸੇਜਲ ਤੇ ਪੁਲਕਾਵਲੀ ਭਰਪੂਰ ਨੇਤ੍ਰਾਂ ਨਾਲ ਅਸਾਂ ਨੇ ਸਤਿਗੁਰੂ ਜੀ ਨੂੰ ਨਮਸ਼ਕਾਰ ਕੀਤਾ ਤੇ ਸਵਾ ਸਵਾ ਰੁਪਿਆ ਦਰਸ਼ਨ ਭੇਟ ਹਾਜ਼ਰ ਕੀਤੀ। ਉਸ ਵੇਲੇ ਸਾਨੂੰ ਹੋਰ ਵੀ ਹੈਰਾਨਗੀ ਹੋਈ ਜਦ ਉਹ ਮਾਤਾ ਜੀ ਨੇ ੧੫-੨੦ ਮਿੰਟਾਂ ਬਾਦ ਹੀ ਦੇਗ ਸਜਾ ਕੇ ਗੁਰੂ ਸਾਹਿਬ ਦੇ ਹਜ਼ੂਰ ਲਿਆ ਰੱਖੀ ਤੇ ਸਾਨੂੰ ਹਜ਼ੂਰ ਖੜਾ ਕਰਕੇ ਉਸ ਮਾਂ ਨੇ ਆਪਣੀ ਬੋਲੀ ਵਿਚ ਸਤਿਗੁਰੂ ਜੀ ਅੱਗੇ ਅਰਦਾਸ ਕਰਕੇ ਸਾਨੂੰ ਸਭ ਨੂੰ ਦੇਗ ਵਰਤਾਈ। ਬਾਦ ਵਿਚ ਮੈਂ ਮਾਤਾ ਜੀ ਤੋਂ ਹੋਰ ਵਾਕਫ਼ੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਬੰਗਾਲੀ ਵੀ ਬੜੀ ਹੀ ਪੇਂਡੂ ਜਿਹੀ ਬੋਲੀ ਹੋਣ ਕਰਕੇ ਸਾਡੇ ਬਹੁਤ ਹੀ ਘਟ ਸਮਝ ਵਿਚ ਆਉਂਦੀ ਸੀ। ਜੋ ਕੁਝ ਵੀ ਅਸੀਂ ਸੁਣਿਆ ਉਸ ਦਾ ਤਾਤਪਰਜ ਇਹ ਸੀ ਕਿ : ਮੇਰੇ ਪਤੀ ਗ੍ਰੰਥੀ ਭਾਈ ਸੁੰਦਰ ਸਿੰਘ ਅੱਜ ੧੨-੧੩ ਸਾਲ ਹੋ ਗਏ ਹਨ ਏਥੇ ਹੀ ਸਵਰਗਵਾਸ ਹੋਏ ਹਨ। ਉਹ ਲੁਧਿਆਣਾ ਜ਼ਿਲਾ ਦੇ ਕਿਸੇ ਪਿੰਡ ਨਾਲ ਸਬੰਧ ਰਖਦੇ ਸਨ, ਮੇਰਾ ਨਾਂ ਗਾਇਤ੍ਰੀ ਸਿੰਘ ਹੈ। ਮੈਂ ਉਨ੍ਹਾਂ ਦੀ ਧਰਮ ਪਤਨੀ ਉਨ੍ਹਾਂ ਵਲੋਂ ਲਾਈ ਗਈ ਏਥੋਂ ਦੀ ਸੇਵਾ-ਸੰਭਾਲ ਦੀ ਡਿਊਟੀ ਬਜਾਈ ਜਾ ਰਹੀ ਹਾਂ, ਪਰ ਮੈਨੂੰ ਸਮੇਂ ਨੇ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਵਾਇਆ ਹੈ, ਮੇਰਾ ਪੋਟਾ ਪੋਟਾ ਦੁੱਖਾਂ ਨਾਲ ਭਰਿਆ ਪਿਆ ਹੈ। ਏਥੇ ਦੀ ਕੁਝ ਜਾਇਦਾਦ ਮਕਾਨ ਦੁਕਾਨਾਂ (ਸਭ ਗੁਰਦਵਾਰਾ ਸਾਹਿਬ ਦੀ ਪੁਰਾਣੀ ਮਲਕੀਅਤ) ਹਨ, ਜਿਨ੍ਹਾਂ ਨੂੰ ਏਥੇ ਦੇ ਕੁਝ ਮੁਸਲਮਾਨ ਭੱਦਰ ਪੁਰਸ਼ ਦੱਬੀ ਬੈਠੇ ਹਨ ਤੇ ਕਰਾਇਆ ਵਸੂਲ ਕਰਕੇ ਛਕ ਛਕਾ ਜਾਂਦੇ ਹਨ। ਬੇਟਾ ਹੁਣ ਤਾਂ ਮੈਂ ਸੋਚਦੀ ਹਾਂ ਕਿ ਐਸੇ ਸਮੇਂ ਨਾਲੋਂ ਤਾਂ ਮੌਤ ਹੀ ਹੁਣ ਮੈਨੂੰ ਮਿਲ ਜਾਵੇ ਤਾਂ ਮੈਂ ਗੁਰੂ ਨਾਨਕ ਦੇ ਚਰਨਾਂ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਵਾ ਕੇ ਕਹਾਂ, ਦਾਤਾ, ਮੈਂ ਤੇਰੇ ਦਰ ਦੀ ਕੁਝ ਕੁ ਸੇਵਾ ਕੀਤੀ ਹੈ, ਹੁਣ ਮੈਨੂੰ ਸ਼ਾਂਤੀ ਬਖ਼ਸ਼, ਆਦਿ। ਮਾਂ ਜੀ ਨਾਲ ਨਾਲ ਅੱਖਾਂ ਵੀ ਭਰ ਭਰ ਪੂੰਝੀ ਜਾ ਰਹੇ ਸਨ। ਉਸ ਨੇ ਇਹ ਵੀ ਦਸਿਆ ਕਿ ਜਦ ਦੇ ਪਤੀ ਦੇਵ ਗੁਜ਼ਰੇ ਹਨ, ਮੈਂ ਤਰਸ ਗਈ ਸਾਂ ਕਿ ਕੋਈ ਗੁਰੂ ਦਾ ਸਿੱਖ ਮਿਲੇ ਤਾਂ ਦਰਸ਼ਨ ਕਰਕੇ ਜੀਉੜਾ ਧੰਨ ਕਰ ਲਵਾਂ। ਪੁੱਤਰ ! ਅੱਜ ਤੁਸੀਂ ਸੱਚੇ ਪਿਤਾ ਵਲੋਂ ਏਥੇ ਪੁਜੇ ਹੋ ਤੇ ਮੇਰੀ ਜਿਵੇਂ ਅਰਦਾਸ ਮਨਜ਼ੂਰ ਪੈ ਗਈ ਹੈ। ਉਞ ਤਾਂ ਮੈਂ ੨੫-੨੬ ਸਾਲ ਹੀ ਹੋ ਗਏ ਹਨ ਸਿੱਖ ਦੇ ਦਰਸ਼ਨ ਜਿਵੇਂ ਭੁੱਲ ਹੀ ਗਈ ਸਾਂ, ਪਰ ਫਿਰ ਵੀ ਪਤੀ ਦੇਵ ਦੇ ਦਰਸ਼ਨ ਕਰਕੇ ਹੀ ਗੁਰੂ ਦੇ ਦਰਸ਼ਨ ਹੋ ਗਏ ਸਮਝ ਲੈਂਦੀ ਸਾਂ। ਪਰ ਅੱਜ ਤਾਂ ਮੈਂ ਸਾਰੀਓ ਹੀ ਧੰਨ ਹੋ ਗਈ ਜਿਸ ਨੂੰ ਤੁਸੀਂ ਗੁਰੂ ਕੇ ਲਾਲ ਦਰਸ਼ਨ ਦੇਣ ਪਹੁੰਚੇ ਹੋ। ਮੇਰੇ ਲਾਲ ! ਤੁਸੀਂ ਮੇਰਾ ਸਨੇਹਾ ਪੰਜਾਬ ਨੂੰ ਜ਼ਰੂਰ ਪਹੁੰਚਾ ਦੇਣਾ ਕਿ ਮੈਂ ਥੱਕ ਗਈ ਹਾਂ, ਚੂਰ ਹੋ ਗਈ ਹਾਂ, ਹੁਣ ਮੈਥੋਂ ਹੋਰ ਅੱਗੇ ਨਹੀਂ ਤੁਰਿਆ ਜਾਂਦਾ। ਸੰਭਾਲੋ ਆਪਣੇ ਸਤਿਗੁਰੂ ਦੀ ਨਿਸ਼ਾਨੀ ਇਹ ਯਾਦਗਾਰੀ ਜਗਾਹ। ਏਥੇ ਸਤਿਗੁਰੂ ਨਾਨਕ ਦੇਵ ਜੀ ਉਸ ਵੇਲੇ ਆਏ ਸਨ ਜਦ ਉਨ੍ਹਾਂ ਦੇ ਚਰਨ ਕਮਲ ਢਾਕੇ ਦੀ

(ਬਾਕੀ ਵੇਖੋ ਸਫ਼ਾ ੧੪ ਦੇ ਪੰਨੇ)

www.AKJ.Org

# ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ
## ਕੋਊ ਜਾਗੈ ਹਰਿ ਜਨੁ

[ਵਲੋਂ—ਸਾਰੰਗ ਜੀ, ਕਪੂਰਥਲਾ]

ਗੁਣਾਂ ਦੇ ਆਧਾਰ ਤੇ ਵੰਡ ਪੁਰਾਤਨ ਕਾਲ ਤੋਂ ਪ੍ਰਚਲਿਤ ਹੈ। ਸ਼ਾਇਦ ਨਿਆਏ ਸ਼ਾਸਤਰ ਨੇ ਇਹ ਵੰਡ ਪਹਿਲੀ ਵਾਰੀ ਕੀਤੀ। ਪਰ ਇਸ ਵੰਡ ਦਾ ਉਦੇਸ਼ ਪਤਾ ਨਹੀਂ ਕੀ ਸੀ, ਸ਼ਾਇਦ ਬ੍ਰਾਹਮਣ ਨੂੰ ਬਾਕੀ ਦੇ ਸਮਾਜ ਤੋਂ ਉਚਾ ਦਰਜਾ ਦੇਣਾ ਸੀ। ਬ੍ਰਾਹਮਣ ਆਪ ਸਣੇ ਦੇਵੀ ਦੇਵਤਿਆਂ ਦੇ ਸਤੋ ਗੁਣੀ ਅਖਵਾਇਆ, ਵੈਸ਼ ਅਤੇ ਖਤਰੀ ਰਜੋ ਗੁਣੀ ਥਾਪੇ ਗਏ। ਭਾਵ ਮਧਮ ਵਰਗ ਮੰਨਿਆ ਗਿਆ। ਅਤੇ ਨੀਚ ਵਰਗ ਨੂੰ ਸੂਦਰ ਜਾਂ ਤਮੋ ਗੁਣੀ ਆਖਿਆ ਗਿਆ। ਓਦੋਂ ਤੋਂ ਹੀ ਉਸ ਦਾ ਪਰਮਾਰਥਕ ਰਾਹ ਬੰਦ ਕਰ ਦਿਤਾ ਗਿਆ ਸੀ। ਪਰ ਕਬੀਰ ਜੀ, ਰਵਦਾਸ ਜੀ, ਨਾਮਦੇਵ ਜੀ, ਸਧਨਾ ਜੀ, ਤ੍ਰਿਲੋਚਨ ਜੀ ਨੇ ਸਮੇਂ ਸਮੇਂ ਇਸ ਸ਼ਰੇਣੀ ਵੰਡ ਨੂੰ ਝੁਠਲਾਇਆ।

ਨੀਚ ਜਾਤਿਹਰਿ ਜਪਤਿਆ ਉਤਮ ਪਦਵੀ ਪਾਇ॥(੭੩੩)

ਗੁਰਮਤਿ ਨੇ ਭੀ ਵਿਅਕਤਿਤਵ-ਵੰਡ (Personality Classification) ਨੂੰ ਅਤੇ ਜਾਤੀ ਵੰਡ ਨੂੰ ਹੋਰ ਤਰ੍ਹਾਂ ਮੰਨਿਆ ਹੈ। ਜਨਮ ਦੇ ਆਧਾਰ ਤੇ ਮਨੁਖੀ ਸੁਭਾਅ ਨੂੰ ਵੰਡਣਾ ਗੁਰਮਤਿ ਅਨੁਸਾਰ ਵੱਡੀ ਭੁਲ ਹੈ। ਅਤੇ ਜੋ ਸ਼ਰੇਣੀ ਇਸ ਚੀਜ਼ ਦਾ ਪ੍ਰਚਾਰ ਕਰਦੀ ਸੀ ਉਸ ਨੂੰ ਗੁਰਬਾਣੀ ਨੇ ਚੰਗਾ ਨਹੀਂ ਕਿਹਾ। ਗੁਰਬਾਣੀ ਸਮੁਚੀ ਮਨੁਖ ਜਾਤੀ ਨੂੰ ਬਰਾਬਰ ਮੰਨਦੀ ਹੈ। ਪਰ ਬਰਾਬਰ ਦਾ ਭਾਵ ਇਹ ਭੀ ਤਾਂ ਨਹੀਂ ਕਿ ਮਨੁਖ ਸੁਭਾਅ ਕਰ ਕੇ ਭੀ ਇਕ ਸਾਰ ਹਨ।

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕਿ ਤਤੇ ਇਕਿ ਬੋਲਨਿ ਮਿਠੇ॥

[ਪੰਨਾ ੧੦੧੯

ਪਿਛਲੇ ਲੇਖ ਵਿਚ ਅਤੇ ਇਸ ਲੇਖ ਵਿਚ ਭੀ ਅਸੀਂ 'ਤਤਿਆਂ' ਦੇ ਸੁਭਾਅ ਦੀ ਵੀਚਾਰ ਕਰ ਰਹੇ ਹਾਂ। ਤਮੋ ਗੁਣੀ ਸੁਭਾਅ ਵਿਚ ਅਤੇ ਰਜੋ ਗੁਣੀ ਸੁਭਾਅ ਵਿਚ ਅਵਸਥਾ (degree) ਦਾ ਫ਼ਰਕ ਹੈ। ਤਮੋ ਗੁਣ ਵਿਚ ਜ਼ੋਰ, ਜ਼ੁਲਮ, ਧੱਕਾ ਮੂੜ੍ਹਮਤ ਜ਼ਿਆਦਾ ਪਰਧਾਨ ਹੁੰਦੀ ਹੈ, ਸੁਆਦ ਤੇ ਰਸ ਭੋਗਣ ਵਲ ਵਧੇਰੇ ਰੁਚੀ ਹੁੰਦੀ ਹੈ; ਪਰ ਰਜੋ ਗੁਣੀ ਸੁਭਾਅ ਪਹਿਲੇ ਨਾਲੋਂ ਜ਼ਰਾ ਸੋਧਿਆ ਹੁੰਦਾ ਹੈ, ਜ਼ਰਾ ਲਿਸ਼ਕਾਇਆ (polished) ਹੋਇਆ ਹੁੰਦਾ ਹੈ। ਰਜੋ ਗੁਣੀ ਸੁਭਾਅ ਦੇ ਬੰਦੇ, ਆਮ ਅਜੋਕੀ ਜਨਤਾ ਮੰਨੀ ਜਾ ਸਕਦੀ ਹੈ। ਰਜੋ ਗੁਣ ਵਿਚ ਮਨੁੱਖ ਅੰਦਰ ਤੀਬਰ ਇਛਾਵਾਂ, ਤਰੱਕੀ ਕਰਨ ਦੀ ਚਾਹ, ਜੀਵਨ ਵਿਚ ਹਿੱਸਾ ਲੈਣ (participate) ਦੀ ਰੁਚੀ ਪੂਰੇ ਜੋਸ਼ ਵਿਚ ਹੁੰਦੀ ਹੈ। ਭਾਵ ਹਰ ਪ੍ਰਕਾਰ ਨਾਲ ਧੰਧਿਆਂ ਵਿਚ ਖਚਿਤ ਹੋਣਾ, ਦੁਨੀਆ ਦੇ ਕੰਮਾਂ ਕਾਜਾਂ ਵਿਚ ਇਤਨਾ ਜ਼ਿਆਦਾ ਖੁਭਣਾ ਕਿ ਜ਼ਿੰਦਗੀ ਦੇ ਅਸਲ ਮਨੋਰਥ ਵਲ ਕਦੀ ਧਿਆਨ ਹੀ ਨਾ ਜਾਣਾ ਰਜੋ ਗੁਣ ਹੈ।

ਪਛਮੀ ਦੇਸ਼ਾਂ ਵਿਚ ਬਹੁਤ ਕਰਕੇ, ਅਤੇ ਭਾਰਤ ਦੇ ਵਡੇ ਵਡੇ ਸ਼ਹਿਰਾਂ ਵਿਚ ਭੀ ਜੀਵਨ ਜ਼ਿਆਦਾ ਤੇਜ਼ ਰਫ਼ਤਾਰ ਤੁਰਦਾ ਹੈ। ਭਾਰਤ ਦੇ ਪਿੰਡਾਂ ਵਿਚ ਤਾਂ ਅਜੇ ਭੀ ਜੀਵਨ ਦੀ ਰਫ਼ਤਾਰ ਧੀਮੀ ਹੈ। ਤੇਜ਼ ਰਫ਼ਤਾਰੀ ਜੀਵਨ ਰਜੋ ਗੁਣੀ ਜੀਵਨ ਹੈ। ਜਿਸ ਦਾ ਸਰਬ-ਉਤਮ ਮਨੋਰਥ ਇਹੋ ਸਮਝਿਆ ਜਾਂਦਾ ਹੈ ਕਿ ਚੰਗਾ ਕਮਾਉਣਾ,

---

(ਸਫ਼ਾ ੧੩ ਦੀ ਬਾਕੀ)

ਧਰਤੀ ਤੇ ਪਏ ਤੇ ਬੀਬੀ ਨੂਰ ਸ਼ਾਹ ਇਤਿਆਦਿ ਨੂੰ ਤਾਰਿਆ ਤਾਂ ਉਨ੍ਹਾਂ ਦੇ ਮੁਬਾਰਕ ਕਦਮ ਏਥੇ ਵੀ ਪਏ ਸਨ। ਇੰਜ ਉਸ ਬਿਰਧ ਮਾਤਾ ਨੇ ਸਾਨੂੰ ਵਾਕਫ਼ੀ ਦਿਤੀ। ਇਸ ਦੇ ਸਬੰਧ 'ਚ ਮੈਂ ਸ਼੍ਰੋ: ਗੁ: ਪ੍ਰ: ਕਮੇਟੀ ਤੇ ਹੋਰ ਸਾਰੀਆਂ ਸਿੱਖ ਪ੍ਰਬੰਧਕ ਕਮੇਟੀਆਂ ਹੋਰ ਗੁਰਮਤਿ ਮਾਰਗ ਦੀ ਰਹਿਨੁਮਾਈ ਕਰਨ ਵਾਲੇ ਸੱਜਨਾਂ ਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੇ ਗੁੱਝੇ ਛਿਪੇ ਗੁਰਸਥਾਨਾ ਬਾਰੇ ਵੀ ਕੁਝ ਸੇਵਾ ਸੰਭਾਲ ਦਾ ਉਪਰਾਲਾ ਕਰਨਾ ਚਾਹੀਦਾ ਹੈ — ਖ਼ਾਸ ਕਰਕੇ ਉਸ ਮਾਤਾ 'ਗਾਇਤਰੀ ਸਿੰਘ' ਸੇਵਾਦਾਰ ਵਰਗੀਆਂ ਹਸਤੀਆਂ ਬਾਰੇ ਤਾਂ ਜ਼ਰੂਰ ਹੀ ਬੰਗਲਾ ਦੇਸ਼ ਸਰਕਾਰ ਨੂੰ ਮਿਲ ਕੇ ਕੁਝ ਨਾ ਕੁਝ ਰੋਟੀ ਕਪੜੇ ਦਾ ਸਾਧਨ ਜੁਟਾਉਣਾ ਲੋੜੀਂਦਾ ਹੈ, ਨਹੀਂ ਤਾਂ 'ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।'

www.AKJ.Org

ਚੰਗਾ ਖਾਣਾ ਪੀਣਾ ਜਾਂ ਪਹਿਨਣਾ । ਹਰ ਪ੍ਰਕਾਰ ਦੇ ਸੁਖਾਂ ਦੇ ਸਾਧਨਾਂ ਦੀ ਭਾਲ ਵਿਚ ਸਾਰੀ ਉਮਰ ਬਿਤਾ ਦੇਣੀ ਅਤੇ ਅੰਤ ਤ੍ਰਿਸ਼ਨਾ ਵਿਚ ਹੀ ਖ਼ਤਮ ਹੋ ਜਾਣਾ ।

ਪਰ ਇਹ ਤਮੋ ਗੁਣੀ ਜੀਵਨ ਤੋਂ ਕੁਝ ਸੁਧਰਿਆ ਹੋਇਆ ਹੈ । ਅੰਧਕਾਰ ਦੀ ਅਵਸਥਾ ਇਸ ਵਿਚ ਭੀ ਉਵੇਂ ਕਿਵੇਂ ਵਿਦਮਾਨ ਰਹਿੰਦੀ ਹੈ । ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁਖ ਨੂੰ ਨਹੀਂ ਛਡਦੇ, ਪਰ ਇਹਨਾਂ ਦਾ ਰੂਪ ਹੋਰ ਤਰ੍ਹਾਂ ਦਾ ਹੁੰਦਾ ਜਾਂਦਾ ਹੈ ।

ਲੋਭ ਦੀ ਇਕ ਸਵਾਦਲੀ ਮਿਸਾਲ ਹੈ । ਤਮੋ ਗੁਣੀ ਲੋਭੀ ਡਾਕਾ ਮਾਰ ਕੇ ਧੱਕੇ ਨਾਲ ਲੁਟਦਾ ਹੈ, ਪਰ ਰਜੋ ਗੁਣੀ ਲੋਭੀ "ਜੋਰੀ ਦਾਨ" ਨਹੀਂ ਮੰਗਦਾ । ਵਪਾਰੀ ਹੋ ਕੇ ਚੀਜ਼ਾਂ ਦਾ ਜ਼ਖ਼ੀਰਾ ਬਣਾ ਕੇ ਮੁਨਾਫ਼ਾ ਖਟਦਾ ਹੈ । ਬਲੈਕ ਕਰਦਾ ਹੈ । ਸਾਨੂੰ ਪਤਾ ਹੈ ਕਿ ਕੀਮਤਾਂ ਕਿਉਂ ਚੜ੍ਹਦੀਆਂ ਹਨ, ਪਰ ਵਿਚਲੀ ਗੱਲ ਲੋਭ ਦੀ ਹੈ, ਜੋ ਸਾਡੇ ਸਾਹਮਣੇ ਸੋਧੇ ਹੋਏ ਰੂਪ ਵਿਚ ਦੇਖਣ ਨੂੰ ਮਿਲਦੀ ਹੈ ।

ਇਸੇ ਤਰ੍ਹਾਂ ਕਾਮ ਹੈ । ਤਮੋ ਗੁਣੀ ਕਾਮੀ ਤਾਂ ਧੱਕਾ ਕਰ ਕੇ ਕਿਸੇ ਦਾ ਸਤ ਭੰਗ ਕਰਦਾ ਹੈ; ਪਰ ਰਜੋ ਗੁਣੀ ਕਾਮੀ ਫ਼ਿਲਮਾਂ ਰਾਹੀਂ, ਗੰਦੇ ਗੀਤ ਸੁਣ ਕੇ, ਗੰਦੇ ਨਾਵਲ ਪੜ੍ਹ ਕੇ, ਜਾਂ ਲਿਖ ਕੇ ਕੁਸੰਗਤ ਵਿਚ ਜਾਂ ਕਲੱਬਾਂ ਵਿਚ ਜਾ ਕੇ ਆਪਣੀ ਕਾਮ-ਚੇਸ਼ਟਾ ਨੂੰ ਪੂਰਾ ਕਰਦਾ ਹੈ । ਕਹਿਣ ਦਾ ਭਾਵ ਇਹ ਹੈ ਕਿ ਮਨੁਖ ਦੀ ਇਕ ਮੂਲ ਪ੍ਰਵਿਰਤੀ ਹੈ ਸਵਾਦ ਲੈਣਾ । ਪੰਜਾਂ ਦੇ ਵਸ ਪਿਆ ਮਨੁੱਖ ਸਮਝਦਾ ਹੈ ਕਿ ਮੈਂ ਤਰੱਕੀ ਕਰ ਰਿਹਾ ਹਾਂ । ਮੇਰਾ ਜੀਵਨ-ਪਧਰ (standard of living) ਅਗੇ ਨਾਲੋਂ ਉੱਚਾ ਹੁੰਦਾ ਜਾਂਦਾ ਹੈ । ਪਰ ਦਰ ਅਸਲ ਪਰਮਾਰਥਕ ਪਖ ਤੋਂ ਵੇਖਿਆਂ ਉਹ ਪ੍ਰਭੂ ਪਰਮਾਤਮਾ ਤੋਂ ਦੂਰ ਹੀ ਰਹਿੰਦਾ ਹੈ । ਗੁਰਬਾਣੀ ਨੇ ਸਦਾ ਸੇਧ ਬਖ਼ਸ਼ਣੀ ਹੈ :—

ਖਾਣਾ ਪੀਣਾ, ਹਸਣਾ ਬਾਦਿ ॥
ਜਬ ਲਗੁ ਰਿਦੈ ਨ ਆਵਹਿ ਯਾਦਿ ॥[ਪੰਨਾ ੩੫੧

ਆਸਾ ਦੀ ਵਾਰ ਦੀ ਇਕ ਪਉੜੀ ਵਿਚ ਇਹੋ ਨਕਸ਼ਾ ਬੰਨ੍ਹਿਆ ਹੈ —

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ, ਲਾਇ ਬੈਠੇ ਕਰਿ ਪਾਸਾਰਿਆ ॥ ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥੧੭॥ [੪੭੨

ਜਿਥੇ ਮਨੁਖ ਦੀ ਰੁਚੀ ਮਨ-ਭਾਉਂਦੀ ਚੀਜ਼ ਪ੍ਰਾਪਤ ਕਰਨ ਵਿਚ ਹੁੰਦੀ ਹੈ ਉਥੇ ਇਕ ਹੋਰ ਤਕੜੀ ਰੁਚੀ ਭੀ ਪੈਦਾ ਹੁੰਦੀ ਹੈ,ਆਤਮ-ਦਾਅਵਾ(self assertiveness) ਅਤੇ ਆਪਣੀ ਕਲਾ ਦਾ ਵਿਖਾਵਾ ਕਰਨਾ । ਨਚਣਾ-ਕੁਦਣਾ, ਗਾਉਣਾ-ਵਜਾਉਣਾ, ਬੋਲਣਾ-ਲਿਖਣਾ, ਵਿਦਿਆ, ਧੰਨ, ਮਾਲ, ਰਾਜ, ਤੇਜ ਪਰਤਾਪ, ਐਸ਼ੂਰਜ਼, ਰੁਤਬਾ ਇਨ੍ਹਾਂ ਦਾ ਰੋਹਬ, ਇਹਨਾਂ ਦਾ ਮਾਣ ਕਰਨਾ ਤੇ ਲਿਫ ਲਿਫ ਬੋਠਣਾ ਇਹ ਸਭ ਰਜੋ ਗੁਣੀ ਸੁਭਾਅ ਵਿਚ ਅਹੰਕਾਰ ਦੀ ਤ੍ਰਿਪਤੀ ਲਈ ਹੁੰਦਾ ਹੈ ।

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
[ਪੰਨਾ ੧੨੮੮

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥ ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥ [ਪੰਨਾ ੬੮੫

ਪਰ—ਹਉਮੈ ਵਡਾ ਗੁਬਾਰੁ ਹੈ, ਹਉਮੈ ਵਿਚਿ ਬੁਝਿ ਨ ਸਕੈ ਕੋਇ ॥ ਜਿਚਰੁ ਇਹ ਮਨ ਲਹਰੀ ਵਿਚਿ ਹੈ, ਹਉਮੈ ਬਹੁਤੁ ਅਹੰਕਾਰੁ ॥

ਸੋ ਜਿੰਨਾ ਚਿਰ ਮਨ ਲਹਿਰੀਂ ਵਿਚ ਉਛਲਦਾ ਰਹਿੰਦਾ ਹੈ ਉਨਾ ਚਿਰ ਸੰਸਾਰ ਦੀ ਅਸਲ ਖੇਡ ਦੀ ਸੋਝੀ ਪੈਣੀ ਔਖੀ ਹੁੰਦੀ ਹੈ । ਸਮਝ ਪਏ ਬਿਨਾਂ ਭਰਮ ਨਹੀਂ ਜਾਂਦਾ । ਕਿਉਂਕਿ—

ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ ॥ [ਪੰਨਾ ੫੬੦

ਮਾਧਵੇ ਕਿਆ ਕਹੀਐ ਭਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥

ਰਜੋ ਗੁਣ ਤਕ ਭਰਮ-ਭੁਲੇਖਾ ਤੁਰਿਆ ਹੀ ਜਾਂਦਾ ਹੈ—

ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥ [ਪੰਨਾ ੫੬੪

ਭਰਮ ਨਾਮ ਹੈ ਸੰਸੇ ਦਾ, (doubt) ਖ਼ਬਰੇ ਕੌਣ

www.AKJ.Org

ਠੀਕ ਹੈ ? ਭਾਰਤੀ ਧਰਮ-ਗ੍ਰੰਥ ਠੀਕ ਹਨ, ਕਿ ਗੁਰਬਾਣੀ ਠੀਕ ਹੈ ? ਕੀ ਬਾਈਬਲ ਜਾਂ ਕੁਰਾਨ ਠੀਕ ਨਹੀਂ ? ਜਿਹੜੇ ਨਾਸਤਕ ਹਨ ਜਾਂ ਨਾਸਤਕ ਧਰਮ ਹਨ, ਕੀ ਉਹ ਗ਼ਲਤ ਹੋ ਸਕਦੇ ਹਨ ? ਕੀ ਡੇਰੇ ਵਾਲੇ ਸਾਧ ਗ਼ਲਤ ਹਨ ? ਕੀ ਦੇਵੀ ਦੇਵਤੇ ਗ਼ਲਤ ਹਨ ? ਆਦਿ ਅਨੇਕਾਂ ਪ੍ਰਸ਼ਨ, ਅਨੇਕਾਂ ਸੰਸੇ ਰਜੋ ਗੁਣ ਵਿਚ ਉਠਣੇ ਸੁਭਾਵਿਕ ਹਨ। ਮਨ ਡਕੇ-ਡੋਲੇ ਖਾਂਦਾ ਹੀ ਰਹਿੰਦਾ ਹੈ। ਦੁਖ ਵੇਲੇ, ਖ਼ਾਸ ਕਰ ਕਦੀ ਦਵਾ ਵਲ ਜ਼ੋਰ ਹੁੰਦਾ ਹੈ ਤੇ ਕਦੀ ਦੁਆ ਵਲ। ਰਾਜ਼ੀ ਹੋਣ ਤੇ ਇਹ ਨਿਰਣਾ ਕਰਨਾ ਕਠਨ ਹੋ ਜਾਂਦਾ ਹੈ ਕਿ ਦੁਆ ਨਾਲ ਆਰਾਮ ਆਇਆ ਸੀ ਕਿ ਦਵਾ ਨਾਲ।

ਸੰਸਾ ਇਹੁ ਸੰਸਾਰੁ ਹੈ, ਸੁਤਿਆ ਰੈਣਿ ਵਿਹਾਇ ॥
[ਪੰਨਾ ੩੯

ਇਕ ਅਖਾਣ ਹੈ 'ਰਬ ਨੇੜੇ ਹੈ ਕਿ ਘਸੁੰਨ'। ਰਜੋ ਗੁਣੀ ਅਵਸਥਾ ਵਿਚ ਘਸੁੰਨ ਹੀ ਨੇੜੇ ਭਾਸਦਾ ਹੈ। ਭਾਵੇਂ ਗੁਰਬਾਣੀ ਥਾਂ ਥਾਂ ਪੁਕਾਰ ਪੁਕਾਰ ਕਹਿ ਰਹੀ ਹੈ—

"ਨੇੜਾ ਹੈ, ਦੂਰਿ ਨ ਜਾਣਿਅਹੁ, ਨਿਤ ਸਾਰੇ
ਸੰਮ੍ਹਾਲੇ ॥ [ਪੰਨਾ ੪੮੯

ਪਰ ਸਾਡੀ ਅਵਸਥਾ ਹੁੰਦੀ ਹੈ ਭੁਲਣ ਦੀ, ਉਸ ਮਾਲਕ ਦੀ ਹੋਂਦ ਦਾ ਸੁਭਾ ਅਜੇ ਪੱਕਾ ਨਹੀਂ ਹੁੰਦਾ, ਜਿਸ ਕਰਕੇ ਅਸੀਂ ਘੜੀ ਘੜੀ ਭੁਲਦੇ ਹਾਂ —

ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ ॥
ਪਿਰਿ ਛੋਡਿਅੜੀ ਸੁਤੀ, ਪਿਰ ਕੀ ਸਾਰ ਨ ਜਾਣੀ ॥
[ਪੰਨਾ ੧੧੧੧

ਭਰਮ-ਭੁਲਾਵਾ ਹੋਣ ਕਰਕੇ ਅਸੀਂ ਪੂਰੀ ਤਰ੍ਹਾਂ ਧਾਰਮਕ ਭੀ ਨਹੀਂ ਬਣ ਸਕਦੇ। ਕਿਉਂਕਿ ਸਾਨੂੰ ਅਜੇ ਪਰਤੀਤ ਜਾਂ ਨਿਸਚਾ ਨਹੀਂ ਬਝਦਾ।

ਵਿਸ਼ਵਾਸ ਦੀ ਢਿਲਿਆਈ ਹੋਣ ਕਰਕੇ ਮਨਮੁਖ ਬਣੇ ਰਹਿੰਦੇ ਹਾਂ। ਤੀਰਥਾਂ ਤੇ ਭੀ ਜਾ ਆਉਂਦੇ ਹਾਂ, ਮੰਦਰਾਂ ਦੇ ਟਲ ਭੀ ਖੜਕਾ ਆਉਂਦੇ ਹਾਂ, ਗੁਰਦਵਾਰੇ ਜਾਂ ਗਿਰਜੇ ਭੀ ਅਠਵੇਂ ਦਿਨ ਰੱਬ (ਜੇ ਹੈ ਤਾਂ) ਦਾ ਉਲਾਂਭਾ ਲਾਹ ਆਉਂਦੇ ਹਾਂ। ਪਾਠ ਪੂਜਾ ਕਰਨੀ ਅਸੀਂ ਰੱਬ ਦੀ ਖ਼ੁਸ਼ਾਮਦੀ ਦਾ ਸਾਧਨ ਸਮਝਦੇ ਹਾਂ। ਅਤੇ ਰਬ ਨੂੰ ਇਕ ਬਹੁਤ ਵੱਡਾ ਖ਼ੁਸ਼ਾਮਦ-ਪਸੰਦ —

ਹਉਮੈ ਕਰੀ ਤਾ ਤੂ ਨਾਹੀ,
ਤੂ ਹੋਵਹਿ ਹਉ ਨਾਹਿ ॥
ਬੂਝਹੁ ਗਿਆਨੀ ਬੂਝਣਾ ਏਹ ਅਕਥ
ਕਥਾ ਮਨ ਮਾਹਿ ॥ [ਪੰਨਾ ੧੦੯੨

ਇਸ ਲਈ ਅਸੀਂ ਜੋ ਕੁਝ ਭੀ ਧਰਮ-ਅਰਥ ਕਰਦੇ ਹਾਂ, ਖੁਭ ਕੇ ਨਹੀਂ ਕਰਦੇ। ਇਸ ਵਿਚ ਪਖੰਡ ਜਾਂ ਭੇਖ ਕਰਨ ਦੀ ਬੜੀ ਗੁੰਜਾਇਸ਼ ਹੁੰਦੀ ਹੈ।

ਰਜੋ ਗੁਣੀ ਮਨੁਖ ਧਾਰਮਕ ਦਿਸਦਾ ਹੋਇਆ ਭੀ ਧਾਰਮਕ ਨਹੀਂ ਹੋਵੇਗਾ। ਅਜ ਦੇ ਸਮੇਂ ਥਾਂ ਥਾਂ ਬਣ ਬਣ ਬੈਠਣ ਵਾਲੇ ਦੰਭੀ ਸਾਧ ਰਜੋ ਗੁਣੀ ਮਨੁਖ ਹੀ ਹਨ, ਜੋ ਆਪਣਾ ਆਪ ਸਾਥੋਂ ਲੁਕਾ ਕੇ ਰਖਦੇ ਹਨ।

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ, ਸੇ
ਕੂੜਿਆਰ ਕੂੜੇ ਝੜਿ ਪੜੀਐ ॥ [ਪੰਨਾ ੩੦੪

ਇਥੇ ਹੀ ਗੁਰਸਿਖਾਂ ਨੂੰ ਸਾਵਧਾਨ ਕੀਤਾ ਗਿਆ ਹੈ ਇਹੋ ਜਿਹੇ ਸਾਧਾਂ, ਸੰਤਾਂ ਤੋਂ, ਜੋ —

ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ
ਕੰਮੁ ਕਰਾਇਆ ਲੋੜੇ, ਤਿਸੁ ਗੁਰਸਿਖੁ ਫਿਰਿ
ਨੇੜਿ ਨ ਆਵੈ ॥ [ਪੰਨਾ ੩੧੭

ਪੁਨਾ :—ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥
[ਪੰਨਾ ੧੫੯

ਜਾਂ ਦਸਵੇਂ ਪਾਤਸ਼ਾਹ ਜੀ ਦੇ ਚਿਤਾਵਨੀ ਭਰੇ ਫ਼ੁਰਮਾਨ ਅਨੁਸਾਰ —

ਜੋ ਜੋ ਤਨਿਕ ਭਇਓ ਜਗ ਸਿਆਨਾ।
ਤਿਨ ਤਿਨ ਅਪਨਾ ਰਾਹ ਚਲਾਨਾ।...
ਪਾਰਬ੍ਰਹਮ ਕਿਨਹੂੰ ਨ ਪਛਾਨਾ।

ਇਹ ਤਾਂ ਵਡੇ ਵਡੇ ਭੇਖੀ ਸਾਧੂਆਂ ਦੀ ਗੱਲ ਹੋਈ। ਪਰ ਜਨ-ਸਾਧਾਰਨ ਦੇ ਪਧਰ ਤੇ, ਅਕਾਲ ਪੁਰਖ ਦੀ ਟੇਕ ਨਾ ਹੋਣ ਕਰਕੇ ਭਗਤੀ ਕਰਨ ਦਾ ਜੋ ਵਿਖਾਵਾ ਕੀਤਾ ਜਾਂਦਾ ਹੈ, ਦਿਲਚਸਪ ਹੈ। ਪਾਠ-ਪੂਜਾ ਭੀ ਕਰਨੀ, ਪਰ ਕਿਰਤ ਕਮਾਈ ਠੀਕ ਨਾ ਕਰਨੀ। ਭਗਤੀ ਭੀ ਕਰਨੀ, ਪਰ ਸੰਸਾਰੀ ਬਣ ਕੇ ਹਰ ਤਰ੍ਹਾਂ ਦੇ ਪਾਪੜ ਭੀ ਵੇਲਣੇ। ਪ੍ਰਭੂ ਨਿਕਟ ਹੈ, ਪਰ ਦੂਰ ਜਾਣਨ ਕਰਕੇ ਮਨੁਖ ਜੋ ਕੰਮ ਕਰਦਾ ਹੈ ਉਨ੍ਹਾਂ ਤੋਂ ਉਸ ਦੇ ਭਰਮ ਜਾਂ ਸ਼ੰਕੇ ਦੀ ਝਲਕ ਪੈਂਦੀ ਹੈ।



www.AKJ.Org

ਨਿਕਟਿ ਬੂਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥ ਹੈ ਨਿਕਟਿ ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥ ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥ ਨਿਕਟਿ ਨ ਦੇਖੈ ਪਰਗ੍ਰਿਹਿ ਜਾਇ ॥ ਦਰਬੁ ਹਿਰੈ ਮਿਥਿਆ ਕਰਿ ਖਾਇ ॥ ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥ ਨਿਕਟਿ ਨ ਜਾਨੈ ਬੋਲੈ ਕੂੜੁ ॥ ਮਾਇਆ ਮੋਹਿ ਮੂਠਾ ਹੈ ਮੂੜੁ ॥ ਅੰਤਰਿ ਵਸਤੁ ਦਿਸੰਤਰਿ ਜਾਇ ॥ ਬਾਝੁ ਗੁਰੂ ਹੈ ਭਰਮਿ ਭੁਲਾਇ॥੩॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲੇ ਕਪਾਟ ॥ ਅੰਤਰਿ ਬਾਹਰਿ ਨਿਕਟੇ ਸੋਇ ॥ ਜਨ ਨਾਨਕ ਆਵੈ ਨ ਜਾਵੈ ਕੋਇ ॥੪॥

[ਭੈਰਉ ਮ. ੫, ਪੰਨਾ ੧੧੩੯

ਮੁਕਦੀ ਗੱਲ ਇਹ ਹੈ ਕਿ ਬਿਨਾ ਸਤਿਗੁਰੂ ਦੀ ਸਰਨ ਪਿਆਂ, ਆਪਣੀ ਚਤੁਰਾਈ ਸਿਆਣਪ ਛਡਿਆਂ, ਆਪਣਾ ਮਾਨ ਅਭਿਮਾਨ ਤਿਆਗਿਆਂ, ਪਾਰ ਨਹੀਂ ਪਿਆ ਜਾ ਸਕਦਾ। ਸੁਭਾਅ ਕੋਈ ਅਜਿਹੀ ਚੀਜ਼ ਨਹੀਂ ਜਿਹੜੀ ਨਾ ਬਦਲੀ ਜਾ ਸਕੇ। **ਸੁਭਾਅ ਬਦਲਣ ਦਾ ਤਰੀਕਾ ਅੰਮ੍ਰਿਤ ਛਕ, ਤਿਆਰ ਬਰ ਤਿਆਰ ਹੋ ਕੇ ਨਾਮ ਜਪਣ ਲਈ ਸਚੇ ਦਿਲੋਂ ਜੁਟਣਾ ਹੀ ਗੁਰਬਾਣੀ ਅੰਦਰ ਦਰਸਾਇਆ ਗਿਆ ਹੈ।** ਕਈ ਵਾਰੀ ਇਹ ਸ਼ੰਕਾ ਮਨ ਵਿਚ ਉਠਦੀ ਹੈ ਕਿ ਐਨੇ ਐਨੇ ਬਰਸ ਹੋ ਗਏ ਨਾਮ ਜਪਦਿਆਂ, ਅੰਮ੍ਰਿਤ ਪਾਨ ਕੀਤਿਆਂ, ਪਰ ਅਜੇ ਸੁਭਾਅ ਨਹੀਂ ਬਦਲੇ, ਅਜੇ 'ਨਿਕਟ' ਨਹੀਂ ਭਾਸਿਆ। ਇਸ ਦਾ ਕਾਰਨ ਇਹੋ ਹੋ ਸਕਦਾ ਹੈ ਕਿ ਜਾਂ ਤਾਂ ਸਾਡੇ ਸਾਧਨਾਂ ਵਿਚ ਅਜੇ ਕੋਈ ਊਣਤਾਈ ਹੈ; ਜੇ ਊਣਤਾਈ ਨਹੀਂ ਤਾਂ ਆਪਣੇ ਕੀਤੇ ਕਰਮ ਦਾ ਮਾਣ ਜ਼ਰੂਰ ਹੈ। ਗੁਰਮਤਿ ਤਾਂ 'ਨਦਰੀ' ਦੀ ਨਦਰ ਦੀ ਉਡੀਕ ਕਰਨ ਦੀ ਸਿਫ਼ਾਰਸ਼ ਕਰਦੀ ਹੈ। ਸਾਹਿਬ ਤਾਂ ਨੇੜੇ ਹੈ, ਕਸਰ ਸਾਡੀ ਨੀਅਤ ਵਿਚ ਹੈ।

ਮਿਲਦਿਆ ਦਿਲ ਨ ਹੋਵਈ, ਜੇ ਨੀਅਤ ਰਾਸੁ ਕਰੇ ॥ [ਪੰ: ੫੯੪

ਗੱਲ ਇਹ ਹੈ ਕਿ ਰਜੋ ਗੁਣ ਅਜੇ ਦੂਜੀ ਪਉੜੀ ਹੈ (ਹੇਠਾਂ ਤੋਂ), ਜਿਸ ਵਿਚ ਮਾਇਆ ਦਾ ਤਕੜਾ ਗ਼ਲਬਾ, ਜਾਂ ਪੜਦਾ ਛਾਇਆ ਹੋਇਆ ਹੁੰਦਾ ਹੈ। ਇਹ ਤਾਂ ਸਤਿਗੁਰੂ ਸਚੇ ਪਾਤਸ਼ਾਹ ਦੀ ਮੇਹਰ ਸਦਕਾ ਹੀ ਹੌਲੀ ਹੌਲੀ ਦੂਰ ਹੋਣਾ ਹੈ। ਕਿਤੇ ਚਉਥੇ ਪਦ ਵਿਚ ਜਾ ਕੇ ਮਾਇਆ-ਜਾਲ ਟੁਟਣਾ ਹੈ। ਯਥਾ ਗੁਰਵਾਕ:—

ਰਜ ਤਮ ਸਤ ਕਲ ਤੇਰੀ ਛਾਇਆ ॥ ਜਨਮ ਮਰਣ ਹਉਮੈ ਦੁਖੁ ਪਾਇਆ ॥ ਜਿਸਨੋ ਕ੍ਰਿਪਾ ਕਰੇ ਹਰਿ ਗੁਰਮੁਖਿ, ਗੁਣਿ ਚਉਥੈ ਮੁਕਤਿ ਕਰਾਇਦਾ ॥ [ਮਾਰੂ ਮ: ੧, ਪੰਨਾ ੧੦੩੮

---

# ਕੂਕਿਆਂ ਦੇ ਕੁਫ਼ਰ ਵਿਰੁਧ ਗੁਰਮਤਾ

ਗੁਰਦਵਾਰਾ ਕਲਗੀਧਰ ਚਰਨ ਪਾਵਨ, ਮਾਡਲ ਟਾਊਨ ਅਤੇ ਗੁਰਦਵਾਰਾ ਮਿਠਾ ਟਿਵਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ ਸਮੇਂ ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਸਜੇ ਭਾਰੀ ਦੀਵਾਨਾਂ ਵਿਚ ਮਿਤੀ ੧੪ ਤੇ ੧੫ ਜੂਨ ਨੂੰ ਸਰਬ-ਸੰਮਤੀ ਨਾਲ ਹੇਠ ਲਿਖਿਆ ਗੁਰਮਤਾ ਪਾਸ ਹੋਇਆ—

"ਕੂਕਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਚੇ ਸਰੂਪ ਦੇ ਪਤਰੇ ਵਖ ਵਖ ਅੰਗ ਕਰ ਕੇ, ਵਖ ਵਖ ਵਿਅਕਤੀਆਂ ਵਿਚ ਵੰਡ ਕੇ ਸਵਾ ਲਖ ਪਾਠ ਕਰਨ ਦੀ ਜੋ ਮਨਮਤੀ ਤੇ ਆਪ-ਹੁਦਰੀ ਮਰਯਾਦਾ ਚਲਾਉਣ ਦਾ ਪਰਪੰਚ ਰਚਿਆ ਗਿਆ ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦੀ ਸਖ਼ਤ ਨਿਰਾਦਰੀ ਹੈ। ਦਰ-ਅਸਲ ਇਹ ਕੂਕਿਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾ ਨੂੰ ਭੰਗ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੁਗੋ ਜੁਗ ਅਟੱਲ ਗੁਰਿਆਈ ਵਿਰੁਧ ਗਿਣੀ ਮਿਥੀ ਸਾਜ਼ਸ਼ ਹੈ। ਕੂਕਿਆਂ ਦੀ ਇਸ ਕੋਝੀ ਤੇ ਨਿੰਦਨੀਯ ਕਾਰਵਾਈ ਨਾਲ ਗੁਰਸਿਖ ਹਿਰਦੇ ਵਲੂੰਧਰੇ ਗਏ ਹਨ। ਇਹ ਦੀਵਾਨ ਕੂਕਿਆਂ ਦੇ ਇਸ ਕੁਫ਼ਰ ਦੀ ਸਖ਼ਤ ਨਿਖੇਧੀ ਕਰਦਾ ਹੈ।

੧੯੪੧ ਵਿਚ ਕੂਕਿਆਂ ਨੇ ਅਜਿਹਾ ਹੀ ਕੁਫ਼ਰ ਕਰ ਕੇ ਲਿਖਤੀ ਮਾਫ਼ੀ ਮੰਗੀ ਸੀ ਅਤੇ ਪੰਥ ਨੂੰ ਭਰੋਸਾ ਦਿਵਾਇਆ ਸੀ ਕਿ ਉਹ ਅਜਿਹੀ ਗ਼ਲਤੀ ਫਿਰ ਕਦੇ ਨਹੀਂ ਕਰਨਗੇ। ਪਰ ਹੁਣ ਉਨ੍ਹਾਂ ਫਿਰ ਓਹੋ ਕੋਝੀ ਕਰਤੂਤ ਕਰਕੇ ਸਿਖ ਕੌਮ ਨਾਲ ਵਿਸ਼ਵਾਸਘਾਤ ਕੀਤਾ ਹੈ।

ਕੂਕੇ (ਨਾਮਧਾਰੀਏ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਨਹੀਂ ਮੰਨਦੇ, ਸਗੋਂ ਆਪਣੇ ਆਪ ਨੂੰ ਗੁਰੂ ਨਾਨਕ ਦੀ ਗਦੀ ਦਾ ਵਾਰਸ ਗਰਦਾਨਦੇ ਹਨ। ਇਹ ਗੁਰ-ਮਰਯਾਦਾ ਤੇ ਗੁਰ-ਉਚਾਰੀ ਅਰਦਾਸ ਨੂੰ ਭੰਗ ਕਰਦੇ ਤੇ ਵਿਗਾੜਦੇ ਹਨ, ਇਸ ਲਈ ਇਹ ਦੀਵਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸੋਂ ਮੰਗ ਕਰਦਾ ਹੈ ਕਿ ਪੰਥਕ ਫੈਸਲਾ ਲੈ ਕੇ ਇਸ ਨਾਮਧਾਰੀ ਟੋਲੇ ਨੂੰ ਪੱਕੇ ਤੌਰ ਤੇ ਪੰਥ ਵਿਚੋਂ ਖ਼ਾਰਜ ਕਰ ਦੇਣ ਦਾ ਐਲਾਨ ਕਰ ਦਿਤਾ ਜਾਵੇ ਅਤੇ ਗੁਰੂ-ਡੰਮ ਨੂੰ ਖ਼ਤਮ ਕਰਨ ਲਈ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਪੰਥ ਜੋ ਪ੍ਰੋਗਰਾਮ ਉਲੀਕੇਗਾ, ਅਖੰਡ ਕੀਰਤਨੀ ਜੱਥੇ ਪੂਰਾ ਸਹਿਯੋਗ ਦਿੰਦਿਆਂ [illegible]

www.AKJ.org

# ਨਾਮਧਾਰੀਆਂ ਦੀਆਂ ਵਧੀਕੀਆਂ

[ਵਲੋਂ—ਗਿ: ਗੁਰਦਿਤ ਸਿੰਘ ਜੀ, ਸਕੱਤਰ, ਕੇਂਦਰੀ ਸਿੰਘ ਸਭਾ ਕਮੇਟੀ, ਅੰਮ੍ਰਿਤਸਰ]

ਸੁੰਦਰ ਤੇ ਸਵੱਛ ਰਹਿਣੀ ਬਹਿਣੀ, ਤਾਰ-ਪ੍ਰੋਤੇ ਹੋਏ ਮਾਲਾ ਦੇ ਮਣਕਿਆਂ ਜਿਹਾ ਮਰਯਾਦਾ ਸੰਪੰਨ ਜੀਵਨ-ਚੱਜ, ਨਾਮਧਾਰੀ ਸਿੱਖਾਂ ਦੀ ਸ਼ਾਖਾ ਦਾ ਉੱਤਮ ਗੁਣ ਹਰ ਦੇਖਣ ਵਾਲੇ ਦੀਆਂ ਅੱਖਾਂ ਆਪਣੇ ਵਲ ਖਿੱਚ ਲੈਂਦਾ ਹੈ। ਮਟਕ ਹੁਲਾਰੇ ਖਾਂਦੀ ਟੋਰ, ਤੇ ਠੁੰਮ ਠੁੰਮ ਕਰਕੇ ਚਰਨਾਂ ਦੀ ਆਹਟ ਤੋਂ ਜੀ ਵਾਰੇ ਵਾਰੇ ਜਾਣ ਨੂੰ ਕਰਦਾ ਹੈ। ਇਸ ਤੋਂ ਵਧ ਗੌਰਵ-ਮਈ ਇਤਿਹਾਸ ਅਤੇ ਖ਼ਾਲਸਾ ਪੰਥ ਦੀ ਪੁਨਰ-ਜਾਗ੍ਰਤੀ ਲਈ ਕੀਤੀ ਉਨ੍ਹਾਂ ਦੀ ਸੇਵਾ, ਸਿੱਖ ਰਾਜ ਦੇ ਖ਼ਾਤਮੇ ਪਿਛੋਂ ਸਿੱਖਾਂ ਦੀ ਮੰਦ ਦਸ਼ਾ ਵਿਚੋਂ ਉਭਰਨ ਲਈ ਕੀਤੇ ਮਹਾਨ ਉੱਦਮ, ਨਾਮਧਾਰੀਆਂ ਨਾਲ ਅਜਿਹੀਆਂ ਵਡਿਆਈਆਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਉਤੇ ਇਤਿਹਾਸਕਾਰ ਤੇ ਹਰ ਕੋਈ ਸੱਜਣ ਮਾਣ ਕਰ ਸਕਦਾ ਹੈ। ਸਿੱਖ ਜਨ-ਸਮੂੰਹ ਲਈ ਹੋਰ ਵੀ ਫ਼ਖ਼ਰ-ਯੋਗ ਕਾਰਨਾਮੇ ਹਨ, ਜਿਨ੍ਹਾਂ ਦੀ ਸ਼ਾਨਦਾਰ ਘਾਲਣਾ ਤੇ ਸੇਵਾ ਨੂੰ ਧੰਨ ਕਹਿਣਾ ਬਣਦਾ ਹੈ, ਪਰ ਜਿਵੇਂ ਕਿਹਾ ਹੀ ਸੁੰਦਰ ਭੋਜਨ ਕਿਹੋ ਜਹੇ ਸੋਨੇ ਦੇ ਥਾਲ ਵਿਚ ਪਰੋਸਿਆ ਹੋਵੇ, ਜੇ ਉਸ ਪਰੋਸੇ ਹੋਏ ਥਾਲ ਉਤੇ ਪਿਛੋਂ ਸੁਆਹ ਧੂੜ ਦਿਤੀ ਜਾਵੇ, ਤਾਂ ਉਸ ਭੋਜਨ ਦੇ ਸਾਰੇ ਗੁਣ ਤੇ ਸਵਾਦ ਬੇ-ਅਰਥ ਹੋ ਕੇ ਰਹਿ ਜਾਂਦੇ ਹਨ। ਇਹੋ ਜਹੀ ਦਸ਼ਾ ਹੀ ਸਾਡੇ ਨਾਮਧਾਰੀ ਵੀਰਾਂ ਨੇ ਆਪਣੇ ਬਜ਼ੁਰਗਾਂ ਦੀ ਸੁੰਦਰ ਕਰਣੀ ਕਮਾਈ ਨਾਲ ਕੀਤੀ ਹੈ।

ਬਾਬਾ ਰਾਮ ਸਿੰਘ ਜੀ ਦੇ ਚਲਾਣਾ ਕਰ ਜਾਣ ਪਿਛੋਂ, ਜੋ ਉਨ੍ਹਾਂ ੨੯ ਸਤੰਬਰ, ੧੮੮੫ ਮਰਗੋਈ ਜੇਲ੍ਹ ਵਿਚ ਕੀਤਾ ਸੀ, ਉਨ੍ਹਾਂ ਬਾਰੇ ਪੱਕੀ ਕਲਪਨਾ ਕਰ ਲਈ ਗਈ ਕਿ ਬਾਬਾ ਜੀ ਨੇ ਚਲਾਣਾ ਨਹੀਂ ਕੀਤਾ, ਉਹ ਸਣਦੇਹੇ ਮੌਜੂਦ ਹਨ। ਉਨ੍ਹਾਂ ਨਮਿੱਤ ਅਖੰਡ ਪਾਠ ਬਰਨੀਆਂ-ਯੱਗ ਕੀਤੇ ਜਾਣ ਤਾਂ ਉਹ ਦੇਸ ਜਾਂ ਭੈਣੀ ਸਾਹਿਬ ਆ ਜਾਣਗੇ।

ਇਸ ਕਲਪਨਾ ਨੂੰ ਲੈ ਕੇ ਇਕ ਵਾਰ ਨਹੀਂ, ਅਨੇਕਾਂ ਵਾਰੀ ਹਵਨ ਯੱਗ ਅਤੇ ਪਾਠਾਂ ਦੀਆਂ ਲੜੀਆਂ ਚਲਾਈਆਂ ਗਈਆਂ, ਲੱਖਾਂ ਰੁਪਏ ਸ਼ਰਧਾਲੂਆਂ ਦੇ ਇਸ ਮਨੋਰਥ ਲਈ ਖ਼ਰਚ ਹੋਏ, ਪਰ ਬਾਬਾ ਜੀ ਨਾ ਪਸੀਜੇ ਤੇ ਨਾ ਹੀ ਉਨ੍ਹਾਂ ਪਸੀਜਣਾ ਸੀ। ਉਨ੍ਹਾਂ ਦਾ ਚਲਾਣਾ ਸਰਕਾਰੀ ਰੀਕਾਰਡ ਅਨੁਸਾਰ ਪ੍ਰਮਾਣਤ ਹੈ। ਇਸ ਬਾਰੇ ਕੋਈ ਸ਼ੱਕ ਨਹੀਂ। ਜੇ ਸ਼ੱਕ ਹੈ ਤਾਂ ਨੇਤਾ ਸੁਭਾਸ਼ ਵਾਂਗ ਪੜਤਾਲ ਕੀਤੀ ਤੇ ਕਰਾਈ ਜਾ ਸਕਦੀ ਸੀ, ਜਿਸ ਦੀ ਨਾਮਧਾਰੀਆਂ ਸ਼ਾਇਦ ਇਸ ਲਈ ਮੰਗ ਨਾ ਕੀਤੀ ਕਿ ਇਸ ਤਰ੍ਹਾਂ ਕੋਰੀ ਸਚਾਈ ਸਾਹਮਣੇ ਆ ਜਾਵੇਗੀ, ਫਿਰ ਉਹ ਭੋਲੇ ਤੇ ਕਈ ਮਸਤਾਨੇ ਕਹੇ ਜਾਂਦੇ ਕੂਕਿਆਂ ਨੂੰ ਇਹ ਕਹਿ ਕੇ ਬਹੁਤੀ ਦੇਰ ਬੁਧੂ ਜਾਂ ਸ਼ਰਧਾਲੂ ਨਹੀਂ ਬਣਾ ਸਕਣਗੇ, ਨਾ ਹੀ ਇਸ ਦੰਭ ਦੇ ਪੈਰ ਲਗਣਗੇ ਕਿ ਅਸੀਂ ਸਾਰੇ ਯੱਗ ਹਵਨ ਬਾਬਾ ਰਾਮ ਸਿੰਘ ਜੀ ਨੂੰ ਸੱਦਣ ਲਈ ਕਰ ਰਹੇ ਹਾਂ। ਅਖੇ ਉਹ ਕੋਈ ਕੌਤਕ ਦਿਖਾ ਕੇ ਜੇਲ੍ਹ ਵਿਚੋਂ ਨਿਕਲ ਗਏ ਸਨ ਤੇ ਉਸੇ ਤਰ੍ਹਾਂ ਦਾ ਕੌਤਕ ਵਰਤਾ ਕੇ ਭੈਣੀ ਸਾਹਿਬ ਆ ਸਕਦੇ ਹਨ।

ਇਹ ਹਕੀਕਤ ਹੈ ਕਿ ਬਾਬਾ ਰਾਮ ਸਿੰਘ ਜੀ ਚਲਾਣਾ ਕਰ ਚੁਕੇ ਹਨ ਅਤੇ ੩੦ ਸਤੰਬਰ ੧੮੮੫ ਨੂੰ ਸਵੇਰੇ ਨੌਂ ਵਜੇ ਤਨਾਸਰਮ ਵਿਖੇ ਆਪ ਜੀ ਦੀ ਦੇਹ ਸਸਕਾਰੀ ਗਈ। ਸਰਕਾਰੀ ਰੀਕਾਰਡ ਅਤੇ ਹੁਣ ਤਕ ਦਾ ਲੰਮਾ ਸਮਾਂ ਉਨ੍ਹਾਂ ਬਾਰੇ ਇਹੋ ਸਿੱਧ ਕਰਦਾ ਹੈ। ਪਰ ਨਾਮਧਾਰੀ ਸੱਜਣ ਆਖਦੇ ਹਨ ਕਿ ਬਾਬਾ ਜੀ ਨੇ ਚਲਾਣਾ ਨਹੀਂ ਕੀਤਾ, ਉਹ ਅਲੋਪ ਹੋ ਗਏ ਹਨ ਅਤੇ ੨੨੦ ਵਰ੍ਹੇ ਤਕ ਉਹ ਏਸੇ ਜਾਮੇ ਵਿਚ ਯੱਗ-ਬਰਨੀਆਂ ਪਾਠ ਲੜੀਆਂ ਕਰਨ ਨਾਲ ਮੁੜ ਦੀਦਾਰ ਦੇ ਦੇਣਗੇ, ਜਿਸ ਦੀ ਜਾਚਨਾ ਨਾਮਧਾਰੀ-ਅਰਦਾਸ ਵਿਚ—'ਦੇਹ ਦੀਦਾਰ ਸਤਿਗੁਰੂ ਰਾਮ ਸਿੰਘ' ਆਦਿ ਸ਼ਬਦਾਂ ਰਾਹੀਂ—ਕੀਤੀ ਜਾਂਦੀ ਹੈ।

ਕੀ ਬਾਬਾ ਰਾਮ ਸਿੰਘ ਜੀ ਸਰੀਰ ਵਿਚ ਮੌਜੂਦ ਹਨ? ਜੇ ਇਹੋ ਗੱਲ ਨਾਮਧਾਰੀ ਮੰਨਦੇ ਹੁੰਦੇ ਤਾਂ ਫਿਰ ਬਾਬਾ ਰਾਮ ਸਿੰਘ ਜੀ ਦੀ ਥਾਂ ਬਾਬਾ ਬੁੱਧ ਸਿੰਘ ਜੀ ਦਾ ਹਰੀ ਸਿੰਘ ਨਾਮ ਧਰ ਕੇ, ਉਨ੍ਹਾਂ ਨੂੰ ਤੇਰ੍ਹਵੇਂ ਗੁਰੂ ਬਣਾ ਕੇ, ਆਪਣੀ ਅਰਦਾਸ ਵਿਚ ਉਨ੍ਹਾਂ ਦਾ ਨਾਂ ਸ਼ਾਮਲ ਨਾ ਕਰਦੇ। ਏਥੇ ਹੀ ਬੱਸ ਨਹੀਂ, ਅਗੋਂ ਬਾਬਾ ਪ੍ਰਤਾਪ ਸਿੰਘ



www.AKJ.Org

ਤਕ ਦੇ ਨਾਂ ਲੈ ਕੇ ਅਰਦਾਸ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਵੀ ਅਤੇ ਉਨ੍ਹਾਂ ਦੇ ਸਪੁੱਤਰ ਬਾਬਾ ਜਗਜੀਤ ਸਿੰਘ ਜੀ ਨੂੰ ਵੀ ਗੁਰੂ ਮੰਨਿਆ ਜਾਂਦਾ ਹੈ। ਬਾਬਾ ਰਾਮ ਸਿੰਘ ਜੀ, ਜਿਨ੍ਹਾਂ ਬਾਰੇ ਨਾਮਧਾਰੀ ਸੱਜਣਾਂ ਦਾ ਅਕੀਦਾ ਹੈ ਕਿ ਉਨ੍ਹਾਂ ਪ੍ਰਗਟ ਹੋਣਾ ਹੈ, ਜੇ ਨਾਮਧਾਰੀ ਸੱਜਣ ਇਹ ਹਕੀਕਤ ਮੰਨਦੇ ਹੁੰਦੇ, ਤਾਂ ਉਨ੍ਹਾਂ ਦੀ ਥਾਂ ਤੇਰ੍ਹਵੇਂ, ਚੌਦ੍ਹਵੇਂ, ਪੰਦਰ੍ਹਵੇਂ ਗੁਰ-ਪਰੰਪਰਾ ਜਾਰੀ ਕਰ ਕੇ ਗੱਦੀ ਅਗੇ ਨਾ ਚਲਾਉਂਦੇ। ਇਹ ਸਭੋ ਕੁਝ ਉਨ੍ਹਾਂ ਤੇ ਹੀ ਛੱਡਿਆ ਜਾ ਸਕਦਾ ਸੀ ਕਿ ਜਦੋਂ ਪ੍ਰਗਟ ਹੋਣਗੇ, ਜਿਸ ਨੂੰ ਯੋਗ ਸਮਝਣਗੇ, ਗੁਰਿਆਈ ਦੇ ਦੇਣਗੇ। ਇਕ ਪਾਸੇ ਨਾਮਧਾਰੀ ਸੱਜਣ ਉਨ੍ਹਾਂ ਨੂੰ ਜੀਉਂਦੇ ਮੰਨਦੇ ਹਨ, ਦੂਜੇ ਪਾਸੇ ਉਨ੍ਹਾਂ ਪਿਛੋਂ ਚਾਰ ਪੀੜ੍ਹੀਆਂ ਤਕ ਗੱਦੀ ਵੀ ਚਲਾਈ ਹੋਈ ਹੈ? ਇਹ ਉਨ੍ਹਾਂ ਦੀ ਆਪਣੇ ਅਨੁਆਈਆਂ ਤੇ ਸ਼ਰਧਾਲੂਆਂ ਨਾਲ ਵਡੀ ਵਧੀਕੀ ਹੈ, ਜਿਨ੍ਹਾਂ ਦੇ ਧਨ, ਮਾਲ ਤੇ ਸ਼ਰਧਾ ਦਾ, ਦਰਸ਼ਨਾਂ ਦਾ ਝਾਂਸਾ ਦੇ ਕੇ ਨਜਾਇਜ਼ ਲਾਭ ਉਠਾਇਆ ਜਾ ਰਿਹਾ ਹੈ। ਜੇ ਬਾਬਾ ਜੀ ਜੀਵਤ ਹਨ ਤਾਂ ਫਿਰ ਪਿਛੋਂ ਗੱਦੀ ਕਿਉਂ ਚਲਾਈ ਹੈ? ਜੇ ਚਲਾਣਾ ਕਰ ਚੁਕੇ ਹਨ ਤਾਂ ਲੋਕਾਂ ਨੂੰ ਕਿਉਂ ਭਰਮ ਵਿਚ ਪਾ ਰਖਿਆ ਹੈ?

ਦੂਜੀ ਵਧੀਕੀ ਇਹ ਸੱਜਣ ਬਾਬਾ ਜੀ ਦੇ ਆਪਣੇ ਸੱਚੇ ਇਸ਼ਟ-ਦੇਵ ਨੂੰ ਲੁਕਾਉਣ ਦੀ ਕਰ ਰਹੇ ਹਨ। ਬਾਬਾ ਰਾਮ ਸਿੰਘ ਜੀ ਨੇ ਜੋ ਪੱਤਰ ਲਿਖੇ ਤੇ ਸਾਹਮਣੇ ਆਏ ਹਨ, (ਜਿਨ੍ਹਾਂ ਦੀਆਂ ਅਸਲ ਲਿਖਤ ਦੀਆਂ ਤਸਵੀਰਾਂ ਛਪਣੀਆਂ ਜ਼ਰੂਰੀ ਹਨ) ਤਾਂ ਅਸੀਂ ਹੋਰ ਵੀ ਤਸੱਲੀ ਨਾਲ ਆਖਦੇ ਹਾਂ ਕਿ ਇਹੋ ਹੀ ਪ੍ਰਗਟ ਹੋਵੇਗਾ ਕਿ ਉਹ 'ਆਪਣਾ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਸਨ। ਸ੍ਰੀ ਮਾਨ ਭਾਈ ਬਾਲਕ ਸਿੰਘ ਜੀ ਬਾਰੇ ਉਨ੍ਹਾਂ ਦੇ ਮਨ ਵਿਚ ਪਿਆਰ ਸ਼ਰਧਾ ਬੇ-ਸ਼ੱਕ ਅਥਾਹ ਸੀ, ਤੇ ਉਸ ਭਾਂਤ ਦਾ ਆਪਣਾ ਸਤਿਕਾਰ ਵੀ ਦਿੰਦੇ ਸਨ, ਜਿਸ ਭਾਂਤ ਦਾ ਉਦਾਸੀ ਨਿਰਮਲੇ ਸਾਧੂ ਆਪਣੇ ਡੇਰੇ ਦੇ ਮੁੱਖੀ ਮਹੰਤ ਜਾਂ ਪੂਜਯ ਸੰਤ ਸਾਧ ਨੂੰ ਦਿਤਾ ਕਰਦੇ ਹਨ। ਪਰ ਉਨ੍ਹਾਂ ਕਿਸੇ ਥਾਂ ਵੀ ਇਹ ਨਹੀਂ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਨਦੇੜ ਤੋਂ ਆ ਕੇ ਹਜ਼ਰੋ ਪੁੱਜ ਕੇ ਯਾਰ੍ਹਵਾਂ ਗੁਰੂ ਥਾਪ ਕੇ ਗੁਰ ਗੱਦੀ ਦੇ ਗਏ ਸਨ। 'ਬਾਬਾ ਬਕਾਲੇ' ਵਾਂਗ ਇਸ ਭਾਂਤ ਦਾ ਕੋਈ ਵਚਨ ਦਸਮੇਸ਼ ਜੀ ਨੇ ਕੀਤਾ ਹੋਵੇ, ਜਿਸ ਤੋਂ ਇਹ ਪ੍ਰਗਟ ਹੋਵੇ ਕਿ, ਦਸਮੇਸ਼ ਜੀ ਨੇ ਅੰਤ ਸਮੇਂ ਕਿਹਾ ਹੋਵੇ ਕਿ ਗਿਆਰਵਾਂ ਗੁਰੂ ਭਾਈ ਬਾਲਕ ਸਿੰਘ ਹਜ਼ਰੋ ਵਿਚ ਬਿਰਾਜ ਰਿਹਾ ਹੈ। ਇਹ ਗਲ ਉਸ ਵੇਲੇ ਕੀਤੀ ਵੀ ਨਹੀਂ ਜਾ ਸਕਦੀ ਸੀ, ਕਿਉਂਕਿ ਬਾਬਾ ਬਾਲਕ ਸਿੰਘ ਤਾਂ ਉਸ ਸਮੇਂ ਜਨਮੇ ਵੀ ਨਹੀਂ ਸਨ। ਨਾਮਧਾਰੀ ਇਤਿਹਾਸ ਹਿਸਾ ਪਹਿਲਾ ਅਨੁਸਾਰ 'ਫਗਣ ਸੁਦੀ ੧੫, ਸੰਮਤ ੧੮੪੧, ਬਿਕ੍ਰਮੀ ੨੪ ਫਰਵਰੀ ਸੰਨ ੧੭੮੫ ਹੈ, ਜਦੋਂ ਕਿ ਦਸਮੇਸ਼ ਜੀ ਸੰਨ ੧੭੦੮ ਈਸਵੀ ਵਿਚ ਤਕਰੀਬਨ ੭ ਸਾਲ ਪਹਿਲਾਂ ਜੋਤੀ ਜੋਤ ਸਮਾ ਚੁਕੇ ਸਨ। ਪਰ ਅਸਲ ਗਾਥਾ ਜੋ ਗਿਆਨੀ ਗਿਆਨ ਸਿੰਘ ਜੀ ਨੇ ਲਿਖੀ ਹੈ ਸੰਮਤ ੧੮੫੬ ਸੰਨ ੧੭੯੯, ਇਸ ਮੁਤਾਬਕ ਤਾਂ ਬਾਬਾ ਅਜਾਪਾਲ ਸਿੰਘ ਜੀ ਦੇ ਚਲਾਣੇ ਸਮੇਂ ਵੀ ੧੨ ਕੁ ਸਾਲਾਂ ਦੇ ਬਾਲਕ ਹੀ ਸਨ। ਨਾਮ-ਧਾਰੀਆਂ ਦੂਜੀ ਤਾਰੀਖ ਬਾਬਾ ਬਾਲਕ ਸਿੰਘ ਜੀ ਦੀ ਇਸ ਲਈ ਘੜੀ ਹੈ ਕਿ ਕਿਧਰੇ ਬਾਬਾ ਅਜਾਪਾਲ ਸਿੰਘ ਜੀ ਵਾਲੀ ਕਹਾਣੀ ਦੀ ਸੰਗਲੀ ਜੋੜ ਸਕਣ।

ਗੁਰੂ ਗੋਬਿੰਦ ਸਿੰਘ ਜੀ ਅੰਤ ਸਮੇਂ ਜੋ ਕੁਝ ਕਹਿ ਗਏ, ਉਹ ਗੁੱਝਾ ਛੁਪਿਆ ਨਹੀਂ। ਉਹ ਉਪਦੇਸ਼ ਤੇ ਹੁਕਮ ਸਿਖ ਗ੍ਰੰਥਾਂ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆ ਦੇ ਵਿਦਵਾਨਾਂ ਵਿਚ ਮੰਨਿਆ ਜਾਂਦਾ ਹੈ ਕਿ ਉਹਨਾਂ ਨੇ ਗੁਰਿਆਈ ਦੀ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ, ਸਿਖਾਂ ਨੂੰ ਇਨ੍ਹਾਂ ਦੇ ਅਧੀਨ ਗੁਰ-ਹੁਕਮਾਂ ਤੇ ਸਿਖਿਆ ਤੇ ਚਲਣ ਦਾ ਹੁਕਮ ਕੀਤਾ। ਇਸ ਤਰ੍ਹਾਂ ਗੁਰਿਆਈ-ਗੱਦੀ ਦੀ ਸੌਂਪਣਾ ਬਾਰੇ ਸਿਖਾਂ ਦਾ ਇਤਿਹਾਸ ਭਰਿਆ ਪਿਆ ਹੈ। ਦੂਜੀਆਂ ਕੌਮਾਂ ਦੇ ਲੇਖਕ ਦਸਮੇਸ਼ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿਤੀ ਜਾਣੀ ਇਕ-ਜ਼ਬਾਨ ਮੰਨਦੇ ਹਨ। ਇਹ ਫੈਸਲਾ ਕਿਤਨਾ ਸੁੰਦਰ ਅਤੇ ਅਰਥ ਭਰਪੂਰ ਸੀ। ਇਸ ਬਾਰੇ ਇਸ ਯੁਗ ਦੇ ਗਾਂਧੀਵਾਦੀ ਵਿਚਾਰਵਾਨ ਕਾਕਾ ਕਲੇਲਕਰ ਸਾਹਿਬ ਦੀ ਲਿਖੀ ਲਿਖਤ 'ਯਾਤਰਾ ਦਾ ਅਨੰਦ' ਪੁਸਤਕ ਵਿਚ ਉਨ੍ਹਾਂ ਨੇ ਬੜਾ ਖ਼ੂਬਸੂਰਤ ਲਿਖਿਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕੋਈ ਉਤਰਾਧਕਾਰੀ ਥਾਪਣ ਦੀ ਥਾਂ

www.AKJ.Org

ਇਹ ਸਭ ਤੋਂ ਉੱਤਮ ਕਾਰਜ ਕੀਤਾ ਕਿ ਆਪਣੇ ਅਨੁਆਈਆਂ ਵਿਚ ਅਭੇਦ ਹੋ ਗਏ ਅਤੇ ਗੁਰੂ ਗਰੰਥ ਸਾਹਿਬ ਨੂੰ ਸਭਨਾਂ ਲਈ ਪੂਜਯ (ਗੁਰੂ) ਦੇ ਰੂਪ ਵਿਚ ਸਥਾਪਿਤ ਕੀਤਾ।" ਅਨੇਕਾਂ ਪ੍ਰਮਾਣੀਕ ਤੇ ਸੁੰਦਰ ਸਬੂਤਾਂ ਵਾਲੀਆਂ ਲਿਖਤਾਂ ਦੇ ਹੁੰਦਿਆਂ, ਨਾਮਧਾਰੀ ਸੱਜਣਾਂ ਦਾ ਸਾਰੀ ਕਹਾਣੀ ਵਿਗਾੜਨਾ, ਵਿਚਾਲੇ ਦੀ ਇਕ ਪੀੜ੍ਹੀ ਦਾ ਖੱਪਾ ਬਾਬਾ ਅਜਾਪਾਲ ਸਿੰਘ ਨੂੰ ਘਸੋੜ ਕੇ ਪੂਰਾ ਕਰਨ ਦੀ ਕਲਪਨਾ ਕਰਨੀ, ਫਿਰ ਉਨ੍ਹਾਂ ਤੋਂ 'ਬਾਬਾ' ਬਾਲਕ ਸਿੰਘ, ਅਗੇ ਬਾਬਾ ਰਾਮ ਸਿੰਘ ਨੂੰ ਗੁਰਿਆਈ ਦੇਣ ਦਾ ਝੂਠਾ ਡਰਾਮਾ ਆਪਣੀ ਗੁਰੂ-ਡਮ ਦੀ ਹੱਟੀ ਚਲਾਉਣ ਲਈ ਰਚਣਾ, ਇਹ ਸਭੋ ਕੁਝ ਭਾਵੇਂ ਕਿੰਨਾ ਹੀ ਠੀਕ ਹੋਵੇ, ਪਰ ਬਾਬਾ ਰਾਮ ਸਿੰਘ ਜੀ ਦੇ ਗੁਰੂ ਗਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੀ ਸ਼ਰਧਾ-ਭਾਵਨੀ ਤੇ ਉਹਨਾਂ ਦੇ ਸਿਦਕ ਅਤੇ ਉਪਦੇਸ਼ਾਂ ਨਾਲ ਸਰਾਸਰ ਵਧੀਕੀ ਹੈ। ਸਤਿਕਾਰ ਯੋਗ ਬਾਬਾ ਜੀ ਆਪਣੀਆਂ ਚਿੱਠੀਆਂ ਵਿਚ ਖੁਦ ਲਿਖਦੇ ਸਨ ਕਿ, 'ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹਨ, ਮੈਂ ਗੁਰੂ ਨਹੀਂ ਹਾਂ।' ਜੇ ਇਹ ਸਜਣ ਬਾਬਾ ਜੀ ਦੇ ਉਪਦੇਸ਼ਾਂ ਅਤੇ ਉਹਨਾਂ ਦੇ ਨਕਸ਼ੇ-ਕਦਮ ਉਤੇ ਚਲਣ ਵਾਲੇ ਹੁੰਦੇ, ਤਾਂ ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਗੁਰੂ ਗੋਬਿੰਦ ਜੀ ਪਿਛੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਹੁਕਮ ਕਰ ਗਏ ਸਨ, ਉਨ੍ਹਾਂ ਤੇ ਫੁੱਲ ਚੜ੍ਹਾਉਂਦੇ ਤੇ ਨਿਸ਼ਟਾ ਪ੍ਰਗਟਾਉਂਦੇ, ਪਰ ਇਨ੍ਹਾਂ ਸੱਜਣਾਂ ਨੇ ਤਾਂ ਸਤਿਕਾਰ ਯੋਗ ਬਾਬਾ ਜੀ ਦੇ ਸਾਰੇ ਕਥਨ ਤੇ ਹੁਕਮ ਇਕ ਪਾਸੇ ਸੁੱਟ ਕੇ, ਆਪਣੀ ਗੁਰਿਆਈ ਦੀ ਸੂਹਣ ਖੜੀ ਕਰ ਕੇ ਰੱਖ ਲਾਈ ਹੈ।

ਕਿਸੇ ਦੇ ਪੁਤਰ ਪੋਤਰੇ ਆਪਣਾ ਈਮਾਨ ਤੇ ਇਸ਼ਟ ਤਾਂ ਬਦਲ ਸਕਦੇ ਹਨ, ਪਰ ਆਪਣੇ ਬਜ਼ੁਰਗ ਦੇ ਮੰਨੇ ਪ੍ਰਮੰਨੇ ਅਕੀਦੇ ਤੇ ਈਮਾਨ ਨੂੰ ਗਲਤ ਠਹਿਰਾ ਕੇ ਆਪਣੀ ਨਵੀਂ ਕਾਢ ਉਨ੍ਹਾਂ ਉਤੇ ਥੋਪਣਾ, ਇਹ ਨਾ ਈਮਾਨਦਾਰੀ ਹੈ ਤੇ ਨਾ ਹੀ ਆਪਣੇ ਬਜ਼ੁਰਗਾਂ ਦੀ ਰੂਹ ਨੂੰ ਪ੍ਰਸੰਨਤਾ ਦੇਣ ਵਾਲੀ ਕੋਈ ਸੇਵਾ। ਹਾਂ ਵਧੀਕੀ ਜ਼ਰੂਰ ਹੈ, ਜੋ ਉਨ੍ਹਾਂ ਦੇ ਉਤਰਾਧਕਾਰੀ ਕਹਾਉਣ ਵਾਲੇ ਜ਼ੋਰ ਸ਼ੋਰ ਨਾਲ ਕਰ ਵੀ ਰਹੇ ਹਨ ਤੇ ਅਜਿਹਾ ਕਰਨੋਂ ਹਟਕਣ ਵਾਲਿਆਂ ਨੂੰ ਡਰਾ ਵੀ ਰਹੇ ਹਨ। ਬਾਬਾ ਰਾਮ ਸਿੰਘ ਜੀ ਦੀਆਂ ਲਿਖਤਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਬਾਰੇ ਇਹ ਨੋਟ ਪੜ੍ਹਨ ਯੋਗ ਹਨ:—

"ਮੇਰਾ ਲਿਖਿਆ ਅਵਾਗਉਣ ਨਹੀਂ ਜਾਨਣਾ। ਹੁਕਮ ਹੈ ਗੁਰੂ ਜੀ ਦਾ, ਮੈਂ ਤਾਂ ਜੋ ਲਿਖਦਾ ਹਾਂ, ਮੈਂ ਤਾਂ ਗੁਰੂ ਨਹੀਂ, ਮੈਂ ਤਾਂ ਰਪਟੀਏ ਦੀ ਮਾਫਕ ਹਾਂ" (੧੦)

"ਮੈਂ ਤਾਂ ਗੁਰੂ ਨਹੀਂ। ਗੁਰੂ ਦੀ ਵਡਿਆਈ ਨਾਮ ਤੋਂ ਮੰਗੋ, ਮੈਂ ਭੀ ਨਾਮ ਦਾ ਮੰਗਤਾ ਹਾਂ।" (੧੨)

"ਕੋਈ ਮੈਨੂੰ ਤਾਂ ਨਾ ਗੁਰੂ ਬਨਣ ਦੀ ਲੋੜ ਹੈ, ਨਾ ਮੈਂ ਗੁਰੂ ਹਾਂ, ਮੈਂ ਤਾਂ ਹੁਕਮੀ ਬੰਦਾ ਹਾਂ।" (੨੧)

**"ਮੈਂ ਤਾਂ ਗੁਰੂ ਨਹੀਂ, ਰਪਟੀਏ ਦੀ ਮਾਫ਼ਕ ਹਾਂ। ਪਰ ਇਹ ਹੁਕਮ ਗੁਰੂ ਦਾ ਹੈ, ਦਸ ਪਾਤਸ਼ਾਹੀਆਂ ਦਾ——ਬਾਰੰਬਾਰ ਗੁਰੂ ਜੀ ਅੱਗੇ ਬੇਨਤੀ ਕਰਨੀ, ਸੋ ਹੇ ਗੁਰੂ ਜੀ, ਆਪਣਾ ਹੁਕਮ ਮੰਨਾਈਂ ਜੋ ਤੈਂ ਗੁਰੂ ਗ੍ਰੰਥ ਜੀ ਮੇਂ ਲਿਖਾ ਹੈ।" (੨੩)**

"ਮੈਨੂੰ ਤਾਂ ਨਾ ਗੁਰੂ ਬਣਨ ਦੀ ਲੋੜ ਹੈ, ਨਾ ਬਰਮਾ ਬਣਨ ਦੀ ਲੋੜ ਹੈ, ਮੈਨੂੰ ਤਾਂ ਗੁਰੂ ਸਿਖੀ ਦੀ ਲੋੜ ਹੈ॥" (੪੩)

"ਮੈਂ ਗੁਰੂ ਨਹੀਂ, ਮੈਂ ਤਾਂ ਗੁਰੂ ਦੇ ਦਰ ਦਾ ਕੂਕਰ ਹਾਂ॥" (੪੮)

**"ਤੁਸੀ ਗੁਰੂ ਜੀ ਦੇ ਬਚਨਾਂ ਵਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ॥" (੫੭)**

ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ ਨੇ ਜੇਲ੍ਹ ਵਿਚੋਂ ਜਿੰਨੇ ਵੀ ਪੱਤਰ ਆਪਣੇ ਪਰੇਮੀਆਂ ਤੇ ਪਿਆਰੇ ਭਰਾਤਾ ਨੂੰ ਲਿਖੇ, ਉਹ ਕਈ ਪਹਿਲੂਆਂ ਤੋਂ ਮਹੱਤਵ ਪੂਰਨ ਹਨ। ਇਤਿਹਾਸਕ ਤੱਥ ਵੀ ਉਨ੍ਹਾਂ ਵਿਚ ਚੋਖੀ ਹੈ। ਆਪ ਦੇ ਸਮੇਂ ਦੇ ਗੁਰਸਿਖਾਂ ਦਾ ਭਾਖਾ ਅਤੇ ਵਿਚ ਵਿਚ ਸਾਹਿੱਤਕ ਰੰਗਤ ਵੀ ਭੋਲੀ ਭਾਲੀ ਮਟਕ ਵਿਚ ਆਪਣੀ ਵੱਖਰੀ ਨੁਹਾਰ ਰੱਖਦੀ ਹੈ। ਸਭ ਤੋਂ ਵਧੀਕ ਅਹਿਮੀਅਤ ਵਾਲਾ ਨੁਕਤਾ ਹੈ ਉਨ੍ਹਾਂ ਦੇ ਸਿੱਖੀ ਅਤੇ ਗੁਰੂ ਸਾਹਿਬਾਨ ਬਾਰੇ ਪ੍ਰਗਟਾਏ ਵਾਕ, ਤੇ ਵਰਤੀ ਗਈ ਸ਼ਬਦਾਵਲੀ।

ਬਾਬਾ ਜੀ ਹਰ ਪਤ੍ਰਿਕਾ ਦਾ ⁀ ਅਰੰਭ, ਜਿਵੇਂ ਕਿ ਸਿਖ ਮਤ ਵਿਚ ਪ੍ਰਮਾਣ ਹੈ– **੧ਓ ਸਤਿ ਗੁਰ ਪ੍ਰਸਾਦਿ**

www.AKJ.Org

ਮੂਲ ਮੰਤਰ ਦੇ ਸੰਖੇਪ ਰੂਪ ਤੋਂ ਹੁੰਦਾ ਹੈ । ਪਹਿਲੀਆਂ ਨਾਮ-ਧਾਰੀ ਲਿਖਤਾਂ ਵਿਚ ਏਸੇ ਭਾਂਤ ਦੇ ਰੂਪ ਦੀ ਵਰਤੋਂ ਮਿਲਦੀ ਹੈ ।

ਅਕਾਲੀ ਲਹਿਰ ਤੋਂ ਬਾਦ ਜਦੋਂ ਨਾਮਧਾਰੀਆਂ ਗੁਰੂ-ਡੰਮ ਦੀ ਹੱਟੀ ਵਧੇਰੇ ਮਘਾਉਣ ਦੀਆਂ ਵਿਉਂਤਾਂ ਬਣਾਈਆਂ, ਤਾਂ ਉਨ੍ਹਾਂ ਮੂਲ ਮੰਤਰ ਦੇ ਇਸ ਸਰੂਪ ਨੂੰ ਵੀ ਭੰਨਿਆ ਤੋੜਿਆ ਹੈ ਅਤੇ ਮਨੋ ਕਲਪਤ ਸ਼ਬਦ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ' ਨੂੰ ੧ਓ ਨਾਲ ਜੋੜਿਆ ਹੋਇਆ ਹੈ । ਇਹ ਅੱਖਰ ਲਿਖਣ ਵੇਲੇ, ਮੇਰੇ ਸਾਹਮਣੇ ੧੯ ਜੇਠ ੨੦੩੨ (ਵੀਰਵਾਰ 'ਸਤਜੁਗ' ੨੯ ਮਈ ਦਾ ਪਰਚਾ ਹੈ ।) ਮਲੇਰ ਕੋਟਲੇ ਦੇ ਰੜ ਦੇ ਮੈਦਾਨ ਵਿਚ ਜਿਥੇ ਕਈ ਨਾਮਧਾਰੀ ਸਿੱਖ, ਫ਼ਰੰਗੀ ਨੇ ਗੋਲੀ ਨਾਲ ਉਡਾਏ ਸੀ, ਇਕ ਫੱਟਾ ਲਿਖ ਕੇ ਲਾਇਆ ਹੋਇਆ ਹੈ,ਉਥੇ ਵੀ ਇਹੋ ਰੂਪ ਹੈ। ਸਿੱਖੀ ਵਿਚ ੧ਓ ਸਤਿ ਗੁਰ ਪ੍ਰਸਾਦਿ' ਦੇ ਬਦਲੇ '੧ ਓ ਵਾਹਿਗੁਰੂ ਜੀ ਕੀ ਫ਼ਤਹ', ਵਰਤਿਆ ਜਾਂਦਾ ਹੈ, ਜੋ ਕਿਸੇ ਗੁਰੂ ਵਿਅੱਕਤੀ ਦਾ ਬੋਧਕ ਨਹੀਂ, ਅਕਾਲ ਪੁਰਖ ਦੇ ਸਹਾਈ ਹੋਣੰ ਦੀ ਪ੍ਰਾਰਥਨਾ ਹੈ । ਕਿਤੇ ਕਿਤੇ, 'ਅਕਾਲ ਸਹਾਇ' ਦੀ ਵੀ ਵਰਤੋਂ ਹੁੰਦੀ ਰਹੀ ਹੈ । ਨਾਮਧਾਰੀ ਸੱਜਣ 'ਵਾਹਿਗੁਰੂ' ਨਾਲੋਂ ਵਧ ਮਹੱਤਤਾ ਤੇ ਸਹਾਈ ਹੋਣ ਦੀ ਸਮਰੱਥਾ ਬਾਬਾ ਰਾਮ ਸਿੰਘ ਜੀ ਵਿਚ ਮੰਨਦੇ ਹਨ । ਖ਼ੈਰ ਇਹ ਉਨ੍ਹਾਂ ਦਾ ਨਿਸ਼ਚਾ ਹੈ, ਪਰ '੧ਓ' ਦਾ ਮੇਲ ਇਸ ਨਾਲ ਕਿਵੇਂ ਬੈਠਿਆ ? ਕੀ ਇਸ ਦਾ ਅਰਥ ਇਹ ਲਿਆ ਜਾਵੇ ਕਿ ਜੋ '੧ਓ' ਸਰਵ ਸ਼ਕਤੀਵਾਨ ਪਰਮਾਤਮਾ ਹੈ, ਉਹ ਸਤਿਗੁਰੂ ਰਾਮ ਸਿੰਘ ਜੀ ਰਾਹੀਂ ਸਹਾਈ ਹੋਵੇਗਾ, ਜਾਂ '੧ਓ' ਨੂੰ ਸਿਮਰ ਕੇ ਹੀ ਨਾਮਧਾਰੀਆਂ ਦੇ ਸਤਿਗੁਰੂ ਰਾਮ ਸਿੰਘ ਜੀ ਦੀ ਵੀ ਸਹਾਇਤਾ ਮੰਗੀ ਜਾਂਦੀ ਹੈ ?

ਪਹਿਲੀ ਗੱਲ ਤਾਂ ਇਸ ਤਰ੍ਹਾਂ ਦੇ ਕਿਸੇ ਵੀ ਧਰਮ ਦੇ ਅਜਿਹੇ ਬਚਨ, ਖ਼ਾਸ ਕਰ ਮੂਲ ਮੰਤ੍ਰ ਦੀ ਭੰਨ ਤੋੜ ਇਕ ਅਪਰਾਧ ਹੈ, ਫਿਰ ਉਸ ਧਰਮ ਦੀ ਜਿਸ ਦਾ ਉਹ ਆਪਣੇ ਆਪ ਨੂੰ ਵਾਰਸ ਵੀ ਗਰਦਾਨਦੇ ਹਨ, ਅਜਿਹੀ ਅਨਰਥ ਭਰੀ ਕਲਪਨਾ ਤਾਂ ਉਂਜ ਵੀ ਹਾਸੋ-ਹੀਣੀ ਹੈ ।

ਨਾਮਧਾਰੀ ਸੱਜਣਾਂ ਲਈ ਜੇ ਬਾਬਾ ਰਾਮ ਸਿੰਘ ਜੀ ਹਲਤ ਪਲਤ ਦੇ ਰਾਖੇ ਤੇ ਸਰਵ ਕਲਾ ਸਮਰੱਥ ਹਨ, ਫਿਰ ਉਨ੍ਹਾਂ '੧ ਓ' ਤੋਂ ਕੀ ਲੈਣਾ ਹੈ ? ਇਹ ਛੱਡ ਦੇਣਾ ਹੀ ਠੀਕ ਸੀ । '੧ਓ' ਪਰਮਸਤਾ ਬੋਧਕ ਸ਼ਬਦ ਨਾਲ ਕਿਸੇ ਵਿਅੱਕਤੀ ਨੂੰ ਸਤਿਗੁਰੂ ਬਣਾ ਕੇ ਜੋੜਨ ਦਾ ਹੀਆ ਤਾਂ ਕਿਸੇ ਮਿਹਰਬਾਨੀਏ, ਪਿਰਥੀ ਚੰਦੀਏ ਨੂੰ ਵੀ ਨਹੀਂ ਪਿਆ ਸੀ ।

ਜੇ ਕੋਈ ਰਚਨਾ ਬਾਬਾ ਰਾਮ ਸਿੰਘ ਜੀ ਦੀ ਕੀਤੀ ਹੁੰਦੀ, ਤਾਂ ਉਸ ਨੂੰ 'ਸ੍ਰੀ ਮੁਖ ਵਾਕ' ਲਿਖ ਕੇ ਅਗੇ ਕੁਝ ਲਿਖਿਆ ਜਾਂਦਾ, ਤਾਂ ਸ਼ਾਇਦ ਕੁਝ ਅਰਥ ਹੋ ਸਕਦੇ, ਪਰ ਇਥੇ ਤਾਂ ਸਿਖਰਲੀ ਟੇਕ ਹੀ ਬਾਬਾ ਜੀ ਉਪਰ ਰਖ ਲਈ ਹੈ, ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ :—

'ਬਿਨ ਕਰਤਾਰ ਨ ਕਿਰਤਮ ਮਾਨੋ ।'

ਦਾ ਬਚਨ ਕੀਤਾ ਹੋਇਆ ਹੈ । ਅਤੇ ਆਪਣੇ ਆਪ ਨੂੰ :—

"ਜੋ ਮੁਝ ਕੋ ਪ੍ਰਮੇਸਰ ਉਚਰ ਹੈ,
ਤੇ ਸਭ ਨਰਕ ਕੁੰਡ ਮੈ ਪਰ ਹੈ ।"

ਦੀ ਸਖ਼ਤ ਤਾੜਨਾ ਕੀਤੀ ਹੋਈ ਹੈ । ਬਾਬਾ ਜੀ ਨੇ ਖ਼ੁਦ ਆਪਣੇ ਆਪ ਨੂੰ, ਜਿਵੇਂ ਨਾਮਧਾਰੀ ਰਹਿਤਨਾਮੇ ਵਿਚ ਦਰਜ ਹੈ, 'ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ, ਲਿਖਿਆਂ ਹੈ ।' ਅਜਿਹੀ ਸਿਦਕੀ ਨਿਰਮਾਣ ਤੇ ਗੁਰਮੁਖ ਹਸਤੀ ਨੂੰ ਅਕਾਲ ਪੁਰਖ ਮੰਨਣਾ ਤੇ ਪ੍ਰਚਾਰਨਾ, ਨਾਲ ਹੀ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਉਤਰਾਧਕਾਰੀ ਹੋਣ ਦਾ ਦਾਅਵਾ ਬੰਨ੍ਹਣਾ, ਇਹੋ ਪ੍ਰੇਮੀ ਜਨ ਇਕੋ ਵੇਲੇ ਇਹੋ ਜਿਹੀਆਂ ਗੱਲਾਂ ਕਰ ਸਕਦੇ ਹਨ ।

ਸਿਖ ਧਰਮ ਵਿਚ ਸਰਵੋਤਮ ਅਧਿਆਤਮਕ ਰਸ ਰਹੱਸ ਤੇ ਆਤਮਾ ਦੀ ਟੇਕ ਵਾਲੀ ਵਸਤੂ ਸ਼ਰਧਾ ਹੈ, ਜਿਸ ਵਿਚ ਸਤਿਗੁਰਾਂ ਅਤੇ ਸ਼ਹੀਦਾਂ, ਮੁਰੀਦਾਂ ਤੇ ਪੂਜਨੀਕ ਧਾਮਾਂ ਦੀ ਯਾਦ ਤੋਂ ਪ੍ਰੇਰਨਾ ਲੈਂਦਾ ਹੋਇਆ ਹਰ ਸਿੱਖ ਆਪਣੇ ਲਈ ਜੀਵਨ-ਸੇਧ ਗ੍ਰਹਿਣ ਕਰਦਾ ਹੈ । ਅਰਦਾਸ ਸਮੇਂ ਇਹ ਲਮਹਾ ਬੜਾ ਨਾਜ਼ਕ ਹੁੰਦਾ ਹੈ, ਜੇ ਇਸ ਵਿਚ ਕਿਸੇ ਕਿਸਮ ਦਾ ਸੰਦੇਹ ਤੇ ਵਿਖੇਪਤਾ ਆ ਜਾਵੇ ਤਾਂ ਆਤਮਾ ਅੰਦਰ ਜ਼ਹਿਰ ਘੁਲ ਜਾਂਦੀ ਹੈ, ਰੂਹ ਦੀ ਉਡਾਰੀ ਦੇ ਖੰਭ ਝੜ ਜਾਂਦੇ ਹਨ ।

ਜਿਥੋਂ ਤਕ ਪ੍ਰਾਚੀਨ ਸਮਿਆਂ ਦੀਆਂ ਹੱਥ-ਲਿਖਤਾਂ ਤੋਂ ਅਰਦਾਸ ਦਾ ਰੂਪ ਮਿਲਦਾ ਹੈ, ਉਸ ਦੇ ਪਹਿਲੇ ਰੂਪ

www.AKJ.Org

ਵਿਚ, ਕੋਈ ਤਬਦੀਲੀ ਹੁਣ ਤਕ ਅਜਿਹੀ ਭਾਂਤ ਦੀ ਨਹੀਂ ਕੀਤੀ ਗਈ। ਵਾਰ ਭਗਉਤੀ ਜੀ ਦੇ ਅਰੰਭ ਵਿਚ ਨੌਂ ਪਾਤਸ਼ਾਹੀਆਂ ਦੇ ਨਾਲ ਉਨ੍ਹਾਂ ਦੇ ਜੀਵਨ-ਚਰਯ ਦੇ ਸਾਰ ਤੱਤਾਂ ਨੂੰ ਸਨਮੁਖ ਰਖਿਆ ਗਿਆ ਹੈ। ਰਚਨਹਾਰ ਨੇ ਆਪਣਾ ਨਾਂ ਤਕ ਆਪ ਸ਼ਾਮਲ ਨਹੀਂ ਕੀਤਾ ਸੀ। ਅਰੰਭ ਵਿਚ ਆਈ, 'ਪਾਤਸ਼ਾਹੀ ਦਸਵੀਂ' ਦੀ ਸੂਚਨਾ ਪ੍ਰਮਾਣਤ ਕਰਦੀ ਹੈ ਕਿ, ਇਸ ਪਉੜੀ ਦੀ ਰਚਨਾ ਦਸਵੇਂ ਸਤਿਗੁਰੂ ਜੀ ਨੇ ਕੀਤੀ ਹੋਈ ਹੈ।

ਪਰ ਨਾਮਧਾਰੀ ਸੱਜਣਾਂ ਨੂੰ ਬੜੀ ਦੂਰ ਦੀ ਸੁੱਝੀ। **ਉਨ੍ਹਾਂ ਪਾਤਸ਼ਾਹੀ ਦਸਵੀਂ** ਰਚਨਹਾਰ ਦੀ ਸੂਚਨਾ ਬਦਲ ਕੇ ਵਾਰ ਸ੍ਰੀ ਭਗੌਤੀ ਜੀ ਕੀ ਹੇਠਾਂ **ਪਾਤਸ਼ਾਹੀ ਬਾਰ੍ਹਵੀਂ** ਲਿਖ ਮਾਰਿਆ ਹੈ। ਇਹ ਕਿਸ ਲਈ ਤੇ ਕਿਉਂ ਕੀਤਾ ਗਿਆ? ਇਸ ਨੂੰ ਕੋਈ ਕੀ ਸਮਝੇ? ਕੀ ਇਸ ਦਾ ਮਤਲਬ ਇਹ ਹੋਇਆ ਕਿ ਇਹ ਰਚਨਾ ਪਾਤਸ਼ਾਹੀ ਦਸਵੀਂ ਦੀ ਨਹੀਂ, ਬਾਬਾ ਰਾਮ ਸਿੰਘ ਜੀ ਦੀ ਰਚੀ ਹੋਈ ਹੈ? ਪਰ ਇਹ ਸੂਚਨਾ ਤਾਂ ਕਿਸੇ ਤਰ੍ਹਾਂ ਵੀ ਨਹੀਂ ਜੁੜਦੀ। ਅਨੇਕਾਂ ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਇਹ 'ਵਾਰ' ਸਮੇਤ ਇਸ 'ਪਾਤਸ਼ਾਹੀ ੧੦' ਸੂਚਨਾ ਦੇ ਲਿਖੀ ਹੋਈ ਹੈ, ਜੋ ਬਾਬਾ ਰਾਮ ਸਿੰਘ ਜੀ ਤੋਂ ੧੦੦ ਵਰ੍ਹਾ ਤੋਂ ਵੀ ਵਧ ਪਹਿਲਾਂ ਦੀਆਂ ਹਨ। ਏਥੇ 'ਪਾਤਸ਼ਾਹੀ ਬਾਰ੍ਹਵੀਂ' ਲਿਖਣ ਦਾ ਕੀ ਇਹ ਅਰਥ ਲਿਆ ਜਾਵੇ ਕਿ ਨਾਮਧਾਰੀ ਸੱਜਣ ਦਸਵੀਂ ਪਾਤਸ਼ਾਹੀ ਦੀ ਥਾਂ ਬਾਰ੍ਹਵੀਂ ਪਾਤਸ਼ਾਹੀ ਬਾਬਾ ਰਾਮ ਸਿੰਘ ਨੂੰ, ਅੰਤਮ ਗੁਰੂ ਮੰਨਦੇ ਹਨ? ਜਿਸ ਕਰਕੇ ਵਿਚੋਂ ਗਿਆਰਵੀਂ ਦਾ ਨਾਮ ਛਡਿਆ ਹੈ। ਜੇ ਇਹ ਗੱਲ ਹੈ, ਫਿਰ ਪਾਤਸ਼ਾਹੀ ਬਾਰ੍ਹਵੀਂ ਤੇ ਗੱਲ ਖ਼ਤਮ ਹੋ ਜਾਣੀ ਚਾਹੀਦੀ ਸੀ, ਇਹ ਤਾਂ ਤੇਰ੍ਹਵੀਂ, ਚੌਧਵੀਂ, ਪੰਦ੍ਰਰਵੀਂ ਵੀ ਨਾਲ ਚਲਾਈ ਜਾ ਰਹੇ ਹਨ, ਅਤੇ ਬਾਰ੍ਹਵੀਂ ਤੋਂ ਪਿਛੋਂ ਮੌਜੂਦਾ ਬਾਬਾ ਜੀ ਨੂੰ ਵੀ ਗੁਰੂ ਮੰਨਦੇ ਹਨ। ਕੀ ਅਗੇ ਨੂੰ ਜਿਸ ਕਾਲ ਦਾ ਚੌਧਵਾਂ, ਪੰਦਰ੍ਹਵਾਂ ਗੁਰੂ ਹੋਇਆ ਉਸ ਦਾ, ਪਾਤਸ਼ਾਹੀ ਬਾਰ੍ਹਵੀਂ ਦੀ ਥਾਂ ਪਾਤਸ਼ਾਹੀ ਚੌਧਵੀਂ ਜਾਂ ਪੰਦਰ੍ਹਵੀਂ ਲਿਖਿਆ ਜਾਣਾ ਠੀਕ ਹੋਵੇਗਾ?

ਅਸਲ ਵਿਚ ਨਾਮਧਾਰੀ ਸੱਜਣਾਂ ਨੇ ਬਾਬਾ ਰਾਮ ਸਿੰਘ ਨੂੰ (ਬਾਰ੍ਹਵਾਂ) ਅੰਤਮ ਗੁਰੂ ਮੰਨ ਕੇ, ਪਾਤਸ਼ਾਹੀ ਬਾਰ੍ਹਵੀਂ ਲਿਖਿਆ ਹੈ, ਨਾ ਉਸ ਕਾਲ ਦੇ ਗੁਰੂ ਸਮਝ ਕੇ ਇਹ ਸੂਚਨਾ ਬਣਦੀ ਹੈ ਅਤੇ ਰਚਨਾ ਤਾਂ ਇਹ ਬਾਬਾ ਜੀ ਦੀ ਹੈ ਹੀ ਨਹੀਂ, ਫਿਰ ਇਹ ਅਰਦਾਸ ਦੇ ਅਰੰਭ ਵਿਚ ਹੀ ਮਹਾਨ ਕਾਢ, ਕਿਸ ਲਈ ਕੱਢੀ ਗਈ?

ਇਸ ਤੇ ਇਕ ਕਹਾਣੀ 'ਤੇਲੀ ਰੇ ਤੇਲੀ, ਤੇਰੇ ਸਿਰ ਪਰ ਕੋਹਲੂ' ਢੁਕਦੀ ਹੈ, ਜੋ ਕਿਸੇ ਨੇ ਭਲੇ ਵੇਲੇ ਕਿਸੇ ਢਕੋਂਸਲੇ ਦਾ ਜਵਾਬ ਦੇਣ ਲਈ ਕਹੀ ਸੀ। ਜੇ ਗੱਲ ਨਹੀਂ ਜੁੜਦੀ ਨਾ ਜੁੜੇ, ਅਗਲਾ ਭਾਰ ਨਾਲ ਤਾ ਮਰੇਗਾ ਹੀ ਨਾ। ਕਿਸੇ ਵੀ ਸਧਾਰਨ ਕਵੀ ਦੀ ਰਚਨਾ ਨੂੰ ਆਪਣੀ ਜਾਂ ਕਿਸੇ ਆਪਣੇ ਬਜ਼ੁਰਗ ਦੀ ਰਚੀ ਹੋਈ ਧੱਕੇ ਨਾਲ ਹੀ ਦਸਣਾ, ਵਿਧਾਨਿਕ ਤੌਰ ਤੇ ਵੀ ਗ਼ਲਤ ਹੈ। ਕੋਈ ਵੀ ਸਿਖ 'ਚਾਰ ਸੌ ਵੀਹ' ਦਾ ਦਾਅਵਾ ਅਦਾਲਤ ਵਿਚ ਕਰ ਸਕਦਾ ਹੈ ਕਿ ਉਨ੍ਹਾਂ ਦੇ ਗੁਰੂ ਦੀ ਰਚਨਾ ਨੂੰ ਇਨ੍ਹਾਂ ਲੋਕਾਂ ਨੇ ਧੱਕੇ ਨਾਲ ਹੀ ਆਪਣੇ ਬਜ਼ੁਰਗ ਜਾਂ ਕਲਪਤ ਗੁਰੂ ਦੀ ਕਿਵੇਂ ਬਣਾ ਧਰਿਆ ਹੈ। ਇਸ ਤਰ੍ਹਾਂ ਜਨਤਾ ਨੂੰ ਵੀ ਧੋਖਾ ਦਿਤਾ ਹੈ, ਸੱਚ ਨੂੰ ਲੁਕਾ ਕੇ ਦਸਵੇਂ ਪਾਤਸ਼ਾਹ ਤੇ ਸਿਦਕ ਰਖਣ ਵਾਲਿਆਂ ਦੇ ਮਨ ਵੀ ਲੂਹੇ ਹਨ।

ਬਿਨਾ ਕਿਸੇ ਮਨੋਰਥ ਦੀ ਪੂਰਤੀ ਦੇ ਐਵੇਂ ਹੀ 'ਪਾਤਸ਼ਾਹੀ ਬਾਰ੍ਹਵੀਂ' ਲਿਖ ਦੇਣਾ, ਕੀ ਘੋਰ ਵਧੀਕੀ ਤੇ ਸਰੀਹਨ ਧੱਕਾ ਨਹੀਂ?

ਇਹ ਅਰਦਾਸ ਨਾਮਧਾਰੀ-ਨਿਤਨੇਮ ਦੇ ਅੰਤ ਵਿਚ ਲਿਖੀ ਹੋਈ ਮਿਲਦੀ ਹੈ। (ਦੇਖੋ, ਸਫ਼ਾ ੬੭੧)

**ਇਕ ਹੋਰ ਵਧੀਕੀ**—ਅਰਦਾਸ ਵਿਚ ਦਸ ਗੁਰੂ ਸਾਹਿਬਾਨ ਦੇ ਨਾਵਾਂ ਪਿਛੋਂ ਪੰਜਾਂ ਪਿਆਰਿਆਂ, ਚਾਰੇ ਸਾਹਿਬਜ਼ਾਦਿਆਂ ਦੇ ਤੇ ਫਿਰ ਸ਼ਹੀਦਾਂ, ਮੁਰੀਦਾਂ ਦੇ ਨਾਮ ਆਉਂਦੇ ਹਨ। ਇਨ੍ਹਾਂ ਸੱਜਣ ਨੇ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਪਾਤਸ਼ਾਹੀ ਗਿਆਰਵੀਂ, ਬਾਰ੍ਹਵੀਂ, ਚੌਧਵੀਂ ਦੀ ਸੰਗਲੀ ਜੋੜਨੀ ਅਰੰਭੀ ਹੋਈ ਹੈ। ਪੰਥ-ਅਰਦਾਸ ਵਿਚ ਜੋ ਜੋ ਵਾਧੇ ਕੀਤੇ ਜਾਂਦੇ ਰਹੇ ਹਨ ਉਸ ਸਮੇਂ ਦੇ ਸ਼ਹੀਦਾਂ, ਮੁਰੀਦਾਂ, ਕਰਣੀ ਕਮਾਈ ਵਾਲਿਆਂ ਮਹਾਂ ਪੁਰਖਾਂ ਜਾਂ ਇਤਿਹਾਸਕ ਹਾਦਸਿਆਂ ਜੈਤੋ, ਨਨਕਾਣੇ ਸਾਹਿਬ ਆਦਿ ਨੂੰ ਪੰਥਕ ਤੌਰ ਤੇ ਪ੍ਰਵਾਨ ਕਰ ਕੇ ਹੀ ਕੀਤੇ ਜਾਂਦੇ ਹਨ। ਇਹ ਸੱਜਣ ਚਾਹੁੰਦੇ ਤਾਂ ਬਾਬਾ ਰਾਮ ਸਿੰਘ ਜੀ ਬਾਰੇ ਸਮੁੱਚੇ ਤੌਰ ਤੇ ਸੰਕੇਤ ਆ ਸਕਦਾ ਸੀ। ਜੇ ਅਜਿਹਾ ਸੰਕੇਤ

www.AKJ.Org

ਪੰਥਕ ਤੌਰ ਤੇ ਪ੍ਰਵਾਨ ਕੀਤਾ ਹੁੰਦਾ ਤਾਂ ਕਿੰਨੀ ਚੰਗੀ ਗੱਲ ਹੁੰਦੀ, ਪਰ ਇਨ੍ਹਾਂ ਤਾਂ ਗੁਰੂ ਨਾਨਕ ਦੀ ਗੱਦੀ ਦੇ ਸੱਚੇ ਵਾਰਸ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ, ਗੁਰੂਆਂ ਦੇ ਨਾਵਾਂ ਨਾਲ ਆਪਣੇ ਬਜ਼ੁਰਗਾਂ ਦੇ ਨਾਂ ਜੋੜ ਕੇ ਇਤਿਹਾਸ ਤੇ ਖ਼ਾਲਸਾ ਪੰਥ ਦਾ ਮੂੰਹ ਚਿੜਾਇਆ ਹੈ।

ਨਾਮਧਾਰੀ ਨਿਤਨੇਮ ਵਿਚ ਇਹ ਤੋੜ ਫੋੜ ਦੀ ਜੋ ਵਿਧੀ ਵਰਤੀ ਗਈ ਹੈ ਉਹ ਇਸ ਤਰ੍ਹਾਂ ਹੈ :—

ਅਰਦਾਸ ਚਲਦੀ ਹੋਈ ਏਥੋਂ ਆਪਣਾ ਨਵਾਂ ਰੂਪ ਧਾਰਨ ਕਰ ਲੈਂਦੀ ਹੈ —

ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ। ਸ੍ਰੀ ਗੁਰੂ ਗੋਬਿੰਦ ਜੀ ਸਭ ਥਾਈਂ ਹੋਇ ਸਹਾਇ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਸਿਮਰੀਐ, ਜਿਸ ਮਾਰਗ ਦੀਆ ਬਤਾਇ। ਸ੍ਰੀ ਸਤਗੁਰੂ ਰਾਮ ਸਿੰਘ ਜੀ ਦੀਨ ਦੁਨੀ ਦੇ ਵਾਲੀ ਅੰਤ੍ਰਯਾਮੀ **ਸ੍ਰੀ ਅਕਾਲ ਪੁਰਖ ਜੀ ਸਿਮਰੀਐ** ਜਿਨ ਜਮ ਤੇ ਲੀਆ ਛੁਡਾਇ। ਸ੍ਰੀ ਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ ਜਿਨਾਂ ਕਲਯੁਗ ਵਿਚ ਸੁਚ ਸੋਧ ਅਤੇ ਨਾਮਬਾਣੀ ਦਾ ਮਾਰਗ ਦਿਤਾ ਚਲਾਇ। ਸਭ ਥਾਈਂ ਹੋਇ ਸਹਾਇ।

ਏਸੇ ਹੀ ਅਰਦਾਸ ਦੇ ਅੰਤ ਵਿਚ ਵਾਕ ਅੰਕਤ ਹਨ :—

'ਹਰ ਮੈਦਾਨ ਫਤਹਿ ਸਿਖ ਪੜ੍ਹਦੇ ਸੁਣਦੇ ਲਾਭਵੰਤ' ਸਮੂੰਹ ਦੇ ਕਾਰਜ ਰਾਸ **ਦੇਹ ਦੀਦਾਰ ਸਤਿਗੁਰੂ ਰਾਮ ਸਿੰਘ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ।**

[ਨਾਮਧਾਰੀ ਨਿਤਨੇਮ, ਸਫ਼ਾ ੬੭੩

ਅਰਦਾਸ ਵਿਚ ਇਹ ਤਬਦੀਲੀ ਦਸਦੀ ਹੈ ਕਿ ਇਨ੍ਹਾਂ ਭਦਰ ਪੁਰਸ਼ਾਂ ਨੇ ਅਰਦਾਸ ਵਿਚ ਇੰਨਾ ਰਲਾ ਪਾ ਦਿਤਾ ਹੈ, ਬਿਨਾ ਏਨ੍ਹਾਂ ਤੋਂ ਕੋਈ ਵੀ ਸੱਜਣ ਸਾਤਵਿਕ-ਬਿਰਤੀ ਤੇ ਭੈ-ਭਾਵਨੀ ਵਾਲੀ ਰੁਚੀ ਰਖ ਕੇ ਇਹ ਅਰਦਾਸ ਨਾ ਕਰ ਸਕਦਾ ਹੈ, ਨਾ ਸੁਣ ਸਕਦਾ ਹੈ। ਦੂਜੇ ਪੱਖ ਤੋਂ ਇਹ ਸਿਖੀ ਤੇ ਸਿਖੀ ਦੇ ਬੁਨਿਆਦੀ ਅਸੂਲਾਂ ਤੇ ਸਿਧਾਂਤਾਂ ਉਤੇ ਹਮਲਾ ਹੈ।

ਇਨ੍ਹਾਂ ਭਦਰ ਪੁਰਖਾਂ ਨੇ ਆਪਣੇ ਘਰ ਦੀ ਗੁਰਿਆਈ-ਕਲਪਨਾ ਨੂੰ ਇਤਿਹਾਸਕ ਸੱਚ ਸਿੱਧ ਕਰਨ ਲਈ ਇਕ ਅਜੀਬ ਤੇ ਨਵਾਂ ਢੰਗ ਕਢਿਆ ਹੈ। ਜਿਨ੍ਹਾਂ ਇਤਿਹਾਸਕ ਗ੍ਰੰਥਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ, ਗੁਰਿਆਈ ਗੁਰੂ ਗ੍ਰੰਥ ਤੇ ਖ਼ਾਲਸਾ ਪੰਥ ਨੂੰ ਦੇਣੀ ਲਿਖੀ ਹੈ, ਉਨ੍ਹਾਂ ਗ੍ਰੰਥਾਂ ਵਿਚੋਂ ਕੋਈ ਇਕ ਅਧ ਟੂਕ ਅਜਿਹੀ ਲਭ ਕੇ ਜੋ ਕਿਸੇ ਤਰ੍ਹਾਂ ਗ਼ਲਤ ਜਾਂ ਢੁਕਵੀਂ ਨਾ ਲਗੇ, ਉਸ ਦੇ ਅਧਾਰ ਤੇ ਝੱਟ ਦਲੀਲ ਘੜ ਲੈਂਦੇ ਹਨ ਕਿ ਜੇ ਇਸ ਗ੍ਰੰਥ ਦੀ ਇਹ ਗੱਲ ਠੀਕ ਨਹੀਂ ਤਾਂ ਗੁਰਿਆਈ ਵਾਲੀ ਵੀ ਠੀਕ ਨਹੀਂ। ਜਨਤਾ ਦੀ ਕਚਹਿਰੀ ਵਿਚ ਕੇਸ ਪੇਸ਼ ਕਰਨ ਦਾ ਇਹ ਬੜਾ ਹਾਸੋ-ਹੀਣਾ ਢੰਗ ਹੈ। ਬਜਾਏ ਇਸ ਦੇ ਕਿ ਇਕ ਤੋਂ ਵਧੀਕ ਆਪਣਿਆਂ ਤੇ ਬਿਗਾਨਿਆਂ ਜਿਨ੍ਹਾਂ ਲੇਖਕਾਂ ਦੇ ਲਿਖੇ ਗ੍ਰੰਥਾਂ ਨੇ ਇਕ-ਜ਼ਬਾਨ ਹੋ ਕੇ ਸੱਚ ਪ੍ਰਵਾਨ ਕੀਤਾ ਹੈ, ਜੇ ਕੋਈ ਹੋਰ ਮਸਲਿਆਂ ਬਾਰੇ ਗ਼ਲਤੀ ਵੀ ਹੋ ਗਈ ਤਾਂ ਗੁਰੂ ਗ੍ਰੰਥ ਜੀ ਦੀ ਗੁਰਤਾ ਬਾਰੇ ਤਾਂ ਇਕ-ਮੱਤ ਹਨ। ਸਗੋਂ ਇਹ ਤਾਂ ਇਕ ਪਰਪੱਕ ਦਲੀਲ ਹੋਈ ਕਿ ਜਿਨ੍ਹਾਂ ਗ੍ਰੰਥਾਂ ਵਿਚ ਕਈ ਗ਼ਲਤ ਗੱਲਾਂ ਵੀ ਹਨ ਉਨ੍ਹਾਂ ਵਿਚ ਵੀ ਗੁਰਿਆਈ ਬਾਰੇ ਠੀਕ ਹੈ। ਪਰ ਸਾਡੇ ਇਨ੍ਹਾਂ ਸੱਜਣਾਂ ਨੇ ਇਕ ਇਕ ਗ੍ਰੰਥ ਦੀ ਕੋਈ ਇਕ ਅਧੀ ਗ਼ਲਤੀ ਲੈ ਕੇ ਇਸ ਤੱਥ ਨੂੰ ਰੱਦ ਕਰਨਾ ਨਵੀਨ ਨਾਮ ਧਰੀਕ ਮੰਤਰ ਛਾਂਟਣੇ ਸ਼ੁਰੂ ਕਰ ਰਖੇ ਹਨ। ਸਨਿਮਰ ਬੇਨਤੀ ਹੈ ਕਿ ਇਹ ਮੰਤਰ ਦੇਹਧਾਰੀ ਤੇ ਬਾਰ੍ਹਵੇਂ, ਚੋਧਵੇਂ 'ਗੁਰੂ' ਦੀ ਸੰਗਲੀ ਤੋੜਨ ਵਾਲਿਆਂ ਲਈ ਬਹੁਤ ਮਹਿੰਗਾ ਪਵੇਗਾ। ਕਿਸੇ ਵੀ ਵਿਅੱਕਤੀ ਦੀ ਦੇਹ, ਰੋਗਾਂ ਤੇ ਵਿਕਾਰਾਂ ਤੋਂ ਰਹਿਤ ਨਹੀਂ ਹੁੰਦੀ। ਹਰ ਦੇਹੀ ਅੰਦਰ ਮਲਮੂਤਰ ਤੇ ਗੰਦ ਵੀ ਹੁੰਦਾ ਹੈ, ਗੰਦੀ ਹਵਾ ਵੀ ਸਰਦੀ ਹੈ, ਮੂੰਹ ਵਿਚੋਂ ਥੁਕ ਤੇ ਨੱਕ ਵਿਚੋਂ ਸੀਂਢ ਵੀ ਨਿਕਲਦਾ ਹੈ। ਜੇ ਦੇਹਧਾਰੀ ਗੁਰੂ ਸਮੁੱਚੇ ਰੂਪ ਵਿਚ ਗੁਰੂ ਹੈ ਤਾਂ ਇਹ ਚੀਜ਼ਾਂ ਵੀ ਸ਼ਰਧਾਲੂਆਂ ਨੂੰ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਕਈ ਗੁਰੂਆਂ ਨੂੰ ਟੀ. ਬੀ., ਕੈਂਸਰ ਆਦਿਕ ਦੇ ਰੋਗ ਵੀ ਲਗੇ ਹੋਏ ਹੁੰਦੇ ਹਨ। ਕੀ ਉਹ ਦੇਹੀ ਸਮੇਤ ਰੋਗਾਂ ਦੇ ਸਮੱਚੇ ਤੌਰ ਤੇ ਗੁਰੂ ਹੈ ? ਜੇ ਸਮੱਚੀ ਦੇਹੀ ਗੁਰੂ ਹੈ ਤਾਂ ਦੇਹਧਾਰੀ ਗੁਰੂ ਦੇ ਅੰਦਰੋਂ ਜੋ ਮਲ ਮੂਤ ਨਿਕਲਦਾ ਹੈ, ਸ਼ਰਧਾਲੂਆਂ ਵਲੋਂ ਉਹ ਕਿਉਂ ਨਹੀਂ ਗ੍ਰਹਿਣ ਕੀਤਾ ਜਾਂਦਾ ? ਜੇ ਉਹ ਮੰਦੀ ਚੀਜ਼ ਸਮਝ ਕੇ ਤਿਆਗੀ ਜਾ

www.AKJ.Org

ਸਕਦੀ ਹੈ ਤਾਂ ਕਿਸੇ ਇਤਿਹਾਸਕ ਲਿਖਤ ਦੀ ਗ਼ਲਤ ਵਾਰਤਾ ਵੀ ਛਡ ਦੇਣੀ ਹੀ ਉਚਿਤ ਹੈ । ਪਰ ਸਾਡੇ ਮਿੱਤਰਾਂ ਦੀ ਖੇਡ ਹੋਰ ਹੈ । ਮੱਖੀਆਂ ਭਾਵੇਂ ਦੇਖਣ ਨੂੰ ਇਕੋ ਜਿਹੀਆਂ ਦਿਸਣ, ਪਰ ਇਹ ਦੋ ਕਿਸਮਾਂ ਦੀਆਂ ਹੁੰਦੀਆਂ ਹਨ : ਇਕ ਮੱਖੀਆਂ ਫੁੱਲਾਂ ਤੇ ਫਲਾਂ ਉਤੇ ਬੈਠ ਕੇ ਉਨ੍ਹਾਂ ਦੇ ਰਸ ਤੋਂ ਸ਼ਹਿਦ-ਮਿਠਾਸ ਦਾ ਰਸ ਚਖਦੀਆਂ ਤੇ ਇਕੱਤਰ ਕਰਦੀਆਂ ਹਨ, ਇਕ ਮੱਖੀਆਂ ਅਜਿਹੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਫੁੱਲਾਂ ਉਤੇ ਬੰਨ੍ਹ ਕੇ ਵੀ ਭਾਵੇਂ ਬੈਠਾਉ ਉਹ ਤਾਂ ਵੀ ਗੰਦ ਉਤੇ ਹੀ ਕਿਸੇ ਨਾ ਕਿਸੇ ਤਰ੍ਹਾਂ ਰੱਸੇ ਪੈੜੇ ਤੁੜਾ ਕੇ ਬੈਠ ਜਾਂਦੀਆਂ ਹਨ । ਸਾਡੇ ਮਿੱਤਰਾਂ ਦੀ ਦਸ਼ਾ ਵੀ ਕੁਝ ਅਜਿਹੀ ਹੈ ।

ਪਹਿਲਾਂ ਪਹਿਲ ਮੰਤਕ ਦਿਤਾ ਜਾਂਦਾ ਸੀ ਕਿ, 'ਗੁਰੂ ਗ੍ਰੰਥ ਜੀ ਮਾਨਯੋ' ਵਾਲਾ ਦੋਹਰਾ ਸਿੰਘ ਸਭੀਆਂ ਦੀ ਰਚਨਾ ਹੈ । ਜਦੋਂ ਇਹ ਪ੍ਰਾਚੀਨ ਸਿੱਧ ਹੋ ਗਿਆ, ਪੁਰਾਤਨ ਰਹਿਤਨਾਮਿਆਂ ਵਿਚੋਂ ਵੀ ਮਿਲ ਗਿਆ ਅਤੇ ਹੋਰ ਪੁਰਾਣੀਆਂ ਹੱਥ-ਲਿਖਤਾਂ ਵਿਚੋਂ ਗੁਰ ਗੱਦੀ ਬਾਰੇ ਭਰਪੂਰ-ਸਮੱਗਰੀ ਸਾਹਮਣੇ ਆ ਗਈ ਤਾਂ ਹੁਣ ਇਨ੍ਹਾਂ ਸੱਜਣਾਂ ਨੇ ਇਹ ਪੱਖ ਲੈ ਲਿਆ ਹੈ ਕਿ, ਉਨ੍ਹਾਂ ਗ੍ਰੰਥਾਂ ਵਿਚੋਂ ਕੋਈ ਗ਼ਲਤ ਗੱਲ ਲੈ ਕੇ, ਸਾਰੇ ਹਵਾਲੇ ਹੀ ਰੱਦ ਕਰ ਦਿਤੇ ਜਾਣ । ਇਹ ਸਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ 'ਗੁਰ' ਸ਼ਬਦ ਇਕ ਸ਼ਰੀਕੇ ਵਾਲੀ ਖਿਝ ਕਾਰਨ ਨਹੀਂ ਵਰਤਦੇ, ਜਿਵੇਂ ਕਿ ੯ ਜੂਨ ਦੀ ਧਾਰਮਕ ਸਲਾਹਕਾਰ ਕਮੇਟੀ ਦੀ ਮੀਟਿੰਗ ਵਿਚ ਬਾਬਾ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਨੇ ਕਿਹਾ ਸੀ ਕਿ, 'ਗੁਰੂ ਗ੍ਰੰਥ ਸਾਹਿਬ ਨਾਲ ਅਸੀਂ ਗੁਰੂ ਸ਼ਬਦ ਇਸ ਲਈ ਨਹੀਂ ਵਰਤਦੇ ਕਿ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਸਮਝਦੇ ਹਾਂ ।'

ਜਨਵਰੀ ਸੰਨ ੧੯੪੨ ਵਿਚ ਦਸਮ ਗ੍ਰੰਥ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਅਖੰਡ ਪਾਠ ਰਖੇ ਗਏ । ਪੰਥ ਵਿਚ ਇਸ ਸੰਬੰਧੀ ਅਵਾਜ਼ ਉਠੀ ਕਿ ਇਹ ਗ਼ਲਤ ਗੱਲ ਹੈ । ਸ਼੍ਰੋਮਣੀ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਨੇ ਇਸ ਸਬੰਧੀ, ੪ ਮਈ ਨੂੰ ਫ਼ੈਸਲਾ ਦਿਤਾ ਕਿ –

"ਦਸਮ ਗ੍ਰੰਥ ਦਾ ਅਖੰਡ, ਸਪਤਾਹ ਜਾਂ ਸਾਧਾਰਨ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਂਗ ਕਿਸੇ ਤਰ੍ਹਾਂ ਨਾ ਕੀਤਾ ਜਾਵੇ, ਹਾਂ, ਵਿਚਾਰ ਦੇ ਤੌਰ ਤੇ ਪੜ੍ਹਨਾ ਸੁਣਨਾ ਲਾਭਦਾਇਕ ਹੋ ਸਕਦਾ ਹੈ ।"

ਇਸ ਨਾਲ ਗੱਲ ਸਾਫ਼ ਹੋ ਗਈ ਸੀ ਕਿ ਪੰਥ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਵਾਲਾ ਹੋਰ ਕੋਈ ਗ੍ਰੰਥ ਨਹੀਂ ਹੈ । ਜਿਉਂ ਹੀ ਇਹ ਫ਼ੈਸਲਾ ਨਾਮਧਾਰੀ ਸੱਜਣਾਂ ਦੇ ਸਾਹਮਣੇ ਪੁਜਿਆ ਤਾਂ ਉਨ੍ਹਾਂ "ਸਤਿਯੁਗ" ਅਖ਼ਬਾਰ ਦੇ ਪਰਚਿਆਂ ਵਿਚ ਦਸਮ ਗ੍ਰੰਥ ਨੂੰ ਦਸਮ ਗੁਰੂ ਗ੍ਰੰਥ ਸਾਹਿਬ ਲਿਖਣਾ ਅਰੰਭ ਦਿਤਾ । ਜਿਸ ਬਾਰੇ 'ਖਾਲਸਾ ਸਮਾਚਾਰ' ਨੇ ੪ ਅਕਤੂਬਰ ਦੇ ਪਰਚੇ ਦੇ ਸਫ਼ਾ ੪ ਉਤੇ ਨੋਟ ਲਿਖਿਆ ਸੀ :

"ਜਿਸ ਦਿਨ ਤੋਂ ਸ਼੍ਰੋਮਣੀ ਕਮੇਟੀ ਤੇ ਧਾਰਮਕ ਸਲਾਹਕਾਰ ਕਮੇਟੀ ਦੀ ਰਾਏ ਨਾਲ ਇਹ ਫ਼ੈਸਲਾ ਦਿਤਾ ਹੈ, ਉਸ ਦਿਨ ਤੋਂ ਅਖ਼ਬਾਰ ਸਤਯੁਗ ਨੇ ਦਸਮ ਗ੍ਰੰਥ ਨੂੰ ਗੁਰੂ ਸਾਹਿਬ ਲਿਖਣਾ ਸ਼ੁਰੂ ਕਰ ਦਿਤਾ ਹੈ । ਤੇ ਆਪਣੇ ਵਲੋਂ ਜ਼ੋਰ ਲਗਾ ਰਿਹਾ ਹੈ ਕਿ ਹੋਰ ਵੀ ਇਸ ਨੂੰ ਗੁਰੂ ਮੰਨਣ ।"

ਗੁਰੂ ਗ੍ਰੰਥ ਸਾਹਿਬ ਜੀ ਨੂੰ ਜਿੰਨੀਆਂ ਵੀ ਸਿਖੀ ਦੀਆਂ ਸ਼ਾਖ਼ਾਂ ਜਾਂ ਸੰਪ੍ਰਦਾਵਾਂ ਹਨ, 'ਗੁਰੂ ਗ੍ਰੰਥ' ਜੀ ਦੇ ਉਚਾਰਨ ਨਾਲ ਹੀ ਪੁਕਾਰਦੀਆਂ ਹਨ । ਨਾਮਧਾਰੀਆਂ ਵਲੋਂ ਇਹ ਵਧੀਕੀ ਬਾਵਜੂਦ, ੧੯੪੧ ਵਿਚ ਸਰਬ ਸਿਖ ਸੰਪ੍ਰਦਾਏ ਕਾਨਫ਼ਰੰਸ ਵੇਲੇ ਬਾਬਾ ਪ੍ਰਤਾਪ ਸਿੰਘ ਜੀ ਦੇ ਬਚਨ ਦੇਣ ਦੇ ਫਿਰ ਸ਼੍ਰੋ: ਕਮੇਟੀ ਦੇ ਜਨਰਲ ਇਜਲਾਸ ਵਿਚ ੨ ਨਵੰਬਰ ੧੯੪੧ ਨੂੰ 'ਪੱਤਰਾ-ਪਾਠ' ਸਮੇਂ ਇਹ ਐਲਾਨ ਕਰਨ ਦੇ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਉਸ ਦੀ ਸ਼ਾਨ ਅਨੁਸਾਰ ਸਤਿਕਾਰ ਕਰਨਾ ਆਪਣਾ ਧਰਮ ਸਮਝਦੇ ਹਾਂ, ਫਿਰ ਵੀ 'ਗ੍ਰੰਥ' ਲਿਖਦੇ ਤੇ ਉਚਾਰਦੇ ਹਨ ।

www.AKJ.Org

# ਨਾਮਧਾਰੀਆਂ ਦੇ ਪਖੰਡ ਪਤਰਾ-ਪਾਠ

## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਵਜੂਦ ਵਿਰੁਧ ਸਾਕਤ-ਰੁਚੀ ਦੀ ਹਰਕਤ

[ਵਲੋਂ—ਡਾ: ਤ੍ਰਿਲੋਚਨ ਸਿੰਘ ਜੀ]

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰੂ ਸਾਹਿਬ ਦੇ ਵਡੇ ਭਾਈ ਪ੍ਰਿਥੀਮੱਲ ਗੁਰੂ ਬਣ ਬੈਠੇ। ਨਾ ਉਨ੍ਹਾਂ ਨੂੰ ਗੁਰਿਆਈ ਮਿਲੀ ਸੀ ਤੇ ਨਾ ਗੁਰਿਆ!ਈ ਦੇ ਲਾਇਕ ਸਨ। ਉਹ ਗੁਰੂ ਰਾਮਦਾਸ ਜੀ ਦੇ ਜੇਠੇ ਪੁਤਰ ਸਨ, ਉਨ੍ਹਾਂ ਵਿਚ ਸਤਿਗੁਰੂ ਦੀ ਬ੍ਰਹਮ-ਗਿਆਨ ਵਾਲੀ ਪੂਰਨ ਸ਼ਖਸੀਅਤ ਦਾ ਕੋਈ ਗੁਣ ਨਹੀਂ ਸੀ। ਪਰ ਪ੍ਰਿਥੀਮਲ ਦੇ ਝੂਠੇ ਪ੍ਰਾਪੇਗੰਡੇ ਨੇ ਬਹੁਤ ਸਾਰੀ ਸੰਗਤ ਮਗਰ ਲਾ ਲਈ। ਉਸ ਨੇ ਗੁਰਬਾਣੀ ਵਿਚ ਹੇਰ ਫੇਰ ਕਰ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਥਾਪੇ ਗ੍ਰੰਥ ਸਾਹਿਬ ਨੂੰ ਛੁਟਿਆਣਾ ਚਾਹਿਆ। ਮੁਕਾਬਲੇ ਤੇ ਆਪਣਾ ਗ੍ਰੰਥ ਵੀ ਰਚਿਆ। ਹਾਲਾਂ ਭਾਈ ਗੁਰਦਾਸ ਪ੍ਰਿਥੀਮਲ ਦੇ ਮਾਮਾ ਜੀ ਲਗਦੇ ਸਨ, ਉਨ੍ਹਾਂ ਪ੍ਰਿਥੀਮਲ ਦੀ ਮੂਰਖਤਾਈ ਉਘਾੜਨ ਲਈ ਬੜੀ ਕਰੜੀ ਅਲੋਚਨਾ ਕੀਤੀ —

ਰਾਤੀਂ ਨੀਂਗਰ ਖੇਲਦੇ, ਸਭ ਹੋਇ ਇਕੱਠੇ।
ਰਾਜਾ ਪਰਜਾ ਹੋਂਵਦੇ, ਕਰ ਸਾਂਗ ਉਪੱਠੇ।
ਇਕ ਲਸਕਰ ਲੈ ਧਾਂਵਦੇ, ਇਕ ਫਿਰਦੇ ਨੱਠੇ।
ਠੀਕਰੀਆਂ ਹਾਲੇ ਭਰਨ, ਓਇ ਖਰੇ ਅਸੱਠੇ।
ਖਿਨ ਵਿਚ ਖੇਡ ਉਜਾੜਦੇ, ਘਰ ਘਰ ਨੂੰ ਝੱਠੇ।
ਵਿਣ ਗੁਣ ਗੁਰੂ ਸਦਾਇੰਦੇ, ਓਇ ਖੋਟੇ ਮੱਠੇ।੩੬।੯।

ਪਹਿਨੈ ਪੰਜੇ ਕਪੜੇ, ਪੁਰਸਾਵਾ ਵੇਸ।
ਮੁਛਾਂ ਦਾੜ੍ਹੀ ਸੋਹਣੀ, ਬਹੁ ਦੁਰਬਲ ਵੇਸ।
ਸੈ ਹਥਿਆਰੀਂ ਸੂਰਮਾ, ਪੰਚੀ ਪਰਵੇਸ।
ਮਾਹਰ ਦੜ ਦੀਬਾਣ ਵਿਚ, ਜਾਣੈ ਸਭ ਦੇਸ।
ਪੁਰਖ ਨ ਗੱਣ ਪੁਰਖੱਤ ਵਿਣ, ਕਾਮਣ ਕਿ ਕਰੇਸ।
ਵਿਣ ਗੁਰ ਗੁਰੂ ਸਦਾਇੰਦੇ, ਕੌਣ ਕਰੇ ਅਦੇਸ।੩੬।੧੧।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਰੀਬਨ ਦਸ ਗਿਆਰਾਂ ਵਿਅਕਤੀਆਂ ਭੁਲੇ ਸਿਖਾਂ ਨੂੰ ਗੁਮਰਾਹ ਕਰਨ ਲਈ ਗਿਆਰਵੇਂ ਬਾਰ੍ਹਵੇਂ ਗੁਰੂ ਬਣੀਆਂ, ਅਤੇ ਉਨ੍ਹਾਂ ਦਾ ਹਸ਼ਰ ਉਹੀਓ ਹੋਇਆ ਜੋ ਉਪਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਉਪਰ ਦਿਤੀ ਪਹਿਲੀ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਉਨ੍ਹਾਂ ਮੂਰਖ ਤੇ ਅੰਞਾਣੇ ਬੱਚਿਆਂ ਨਾਲ ਤਸ਼ਬੀਹ ਦਿਤੀ ਹੈ ਜੋ ਆਪ ਰਾਜਾ ਬਣ ਜਾਂਦੇ ਹਨ, ਸਾਥੀਆਂ ਨੂੰ ਵਜ਼ੀਰ, ਸੂਬੇ ਬਣਾ ਲੈਂਦੇ ਹਨ, ਤੇ ਠੀਕਰੀਆਂ ਮਾਮਲੇ (ਟੈਕਸ) ਦੇ ਤੌਰ ਤੇ ਵਸੂਲ ਲੈਂਦੇ ਹਨ। ਇਉਂ ਸ਼ੁਗਲ ਪੂਰਾ ਕਰ ਕੇ ਘਰਾਂ ਵਿਚ ਜਾ ਬੈਠਦੇ ਹਨ। ਉਨ੍ਹਾਂ ਦਾ ਅਡੰਬਰ ਹੀ ਝੂਠਾ ਹੁੰਦਾ ਹੈ। ਇਸ ਲਈ ਉਨ੍ਹਾਂ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਇਹੀਓ ਹਸ਼ਰ ਮੀਣਿਆਂ, ਗੁਲਾਬ ਰਾਈਆਂ, ਧੀਰ ਮਲੀਆਂ ਦਾ ਹੋਇਆ। ਇਹੀਓ ਹਸ਼ਰ ਹੋਰ ਪੰਦਰ੍ਹਾਂ ਵੀਹ ਸਾਲਾਂ ਵਿਚ ਨਾਮਧਾਰੀ ਗੁਰੂ ਦਾ ਹੋਣਾ ਹੈ।

ਦੂਸਰੀ ਪਉੜੀ ਵਿਚ ਭਾਈ ਗੁਰਦਾਸ ਜੀ ਇਨ੍ਹਾਂ ਸਚੇ ਸਤਿਗੁਰਾਂ ਦੀ ਰੀਸ ਵਿਚ "ਵਿਣ ਗੁਣ ਗੁਰੂ" ਸਦਾਉਣ ਵਾਲਿਆਂ ਨੂੰ ਮਾਨਸਕ ਤੇ ਆਤਮਕ ਹੀਜੜੇ ਕਹਿੰਦੇ ਹਨ। ਭਾਈ ਸਾਹਿਬ ਕਹਿੰਦੇ ਹਨ ਕਿ ਜਿਵੇਂ ਇਕ ਹੀਜੜਾ ਆਪਣਾ ਪੁਰਖੱਤ (ਮਰਦਊਪਣਾ) ਚਮਕਾਣ ਲਈ ਸ਼ਾਹੀ ਠਾਠ ਬਾਠ ਦੇ ਪੰਜ ਕਪੜੇ ਵੀ ਪਹਿਨ ਲਵੇ, ਮੁਛਾਂ ਤੇ ਦਾੜ੍ਹੀ ਵੀ ਲਾ ਲਵੇ, ਸਾਰੇ ਸ਼ਸਤਰ ਬਸਤਰ ਪਹਿਨ ਕੇ ਜੋਧਾ ਤੇ ਸੂਰਮਾ ਬਣ ਬੈਠੇ, ਪਰ ਬਿਨਾਂ ਅਸਲੀ ਮਰਦਊਪਣੇ ਦੇ ਉਸ ਨੂੰ ਮਰਦ ਕਿਸੇ ਨਹੀਂ ਕਹਿਣਾ। ਸੂਰਮੇ ਮਰਦਾਂ ਵਾਲੇ ਬਾਹਰਲੇ ਸਾਰੇ ਗੁਣ ਹੁੰਦਿਆਂ ਜੇ ਉਹ ਇਕ ਇਸਤ੍ਰੀ ਦੇ ਗਉਂ ਦਾ ਨਹੀਂ ਤਾਂ ਲੋਕਾਂ ਨੇ ਉਸ ਨੂੰ ਹੀਜੜਾ ਹੀ ਕਹਿਣਾ ਹੈ। ਇਵੇਂ ਹੀ ਜਿਹੜੇ ਵਿਣ ਗੁਣਾਂ ਗੁਰੂ ਸਦਾਣ ਲਗ ਪੈਂਦੇ ਹਨ, ਗੁਰੂਆਂ ਵਾਲੇ ਅਡੰਬਰ ਤੇ ਠਾਠ ਬਾਠ ਰਖਦੇ ਹਨ, ਉਹ ਜਦ ਆਤਮਕ ਤੌਰ ਤੇ ਨਿਪੁੰਸਕ ਹਨ ਅਤੇ ਕਿਸੇ ਨੂੰ ਕੋਈ ਸਚਾ ਬ੍ਰਹਮ ਗਿਆਨ ਤੇ ਅਨਭਵੀ ਪ੍ਰਕਾਸ਼ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਮਥਾ ਟੇਕਣ ਵਾਲੇ ਦਿਨੋ ਦਿਨ ਘਟਦੇ ਜਾਣਗੇ। ਅਤੇ ਉਨ੍ਹਾਂ ਦੇ ਝੂਠੇ ਗੁਰੂ-ਡੰਮ ਦਾ ਪਾਜ ਉਘੜ ਜਾਏਗਾ।

ਬਾਬਾ ਰਾਮ ਸਿੰਘ ਜੀ ਬ੍ਰਹਮ ਗਿਆਨੀ ਸੰਤ ਪੁਰਸ਼ ਸਨ

www.AKJ.Org

ਅਤੇ ਆਪਣੇ ਸਮੇਂ ਦੇ ਸਾਰੇ ਸਿਖ ਪੰਥ ਦੇ ਆਗੂ ਸਨ। ਇਨ੍ਹਾਂ ਸਤਰਾਂ ਦੇ ਲੇਖਕ ਦੇ ਪਿਤਾ ਜਦ ੧੯੯੨ ਵਿਚ ਬਰਮਾ ਵਿਚ ਗਏ, ਤਾਂ ਉਹ ਮਉਲਮੀਨ ਵਿਚ, ਜਿਥੇ ਬਾਬਾ ਰਾਮ ਸਿੰਘ ਜੀ ਕੈਦ ਰਹੇ ਤੇ ਸੁਰਗਵਾਸ ਹੋਏ, ਉਨ੍ਹਾਂ ਨਾਮਧਾਰੀ ਸਜਣਾਂ ਨਾਲ ਕਈ ਸਾਲ ਰਹੇ ਜੋ ਬਾਬਾ ਜੀ ਨਾਲ ਜਲਾਵਤਨ ਸਨ। ਬਾਬਾ ਰਾਮ ਸਿੰਘ ਜੀ ਦੇ ਸਾਥੀਆਂ ਨੇ ਉਥੇ ਹੀ ਸ਼ਾਦੀਆਂ ਬਰਮੀ ਔਰਤਾਂ ਨਾਲ ਕਰਵਾ ਲਈਆਂ ਸਨ। ਬਾਬਾ ਰਾਮ ਸਿੰਘ ਜੀ ਦੇ ਇਹ ਸਾਥੀ, ਪਿਤਾ ਜੀ ਨੂੰ ਦਸਦੇ ਸਨ ਕਿ ਬਾਬਾ ਰਾਮ ਸਿੰਘ ਨੇ ਕਦੀ ਵੀ ਆਪਣੇ ਆਪ ਨੂੰ ਗੁਰੂ ਨਹੀਂ ਅਖਵਾਇਆ, ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਸਨ। ਲੇਖਕ ਨੇ ਵੀ ਪਹਿਲਾਂ ਬਚਪਨ ਵਿਚ, ਫੇਰ ੧੯੩੫-੩੮ ਕਾਲਜ ਦੇ ਦਿਨਾਂ ਵਿਚ ਇਹ ਥਾਂ ਦੇਖੀ ਹੈ। ਬਾਬਾ ਰਾਮ ਸਿੰਘ ਆਪਣਾ ਆਤਮਕ ਪ੍ਰਭਾਵ ਇਸ ਇਲਾਕੇ ਦੇ ਬੋਧੀ ਭਿਖਸ਼ੂਆਂ ਤੇ ਮਠਾਂ ਉਤੇ ਵੀ ਬੜਾ ਛਡ ਗਏ। ਇਨ੍ਹਾਂ ਨੂੰ ਲੋਕ ਪੰਜਾਬ ਦਾ ਰਾਜਾ ਕਹਿੰਦੇ ਸਨ।

ਪੰਜਾਬ ਵਿਚ ਨਾਮਧਾਰੀ ਸਜਣਾਂ ਨੇ ਬਾਬਾ ਰਾਮ ਸਿੰਘ ਦੇ ਵਰਜਦਿਆਂ ਵਰਜਦਿਆਂ ਗੁਰੂ-ਡੰਮ ਦਾ ਅਡੰਬਰ ਰਚ ਲਿਆ, ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਇਨ੍ਹਾਂ ਨੂੰ ਚੁਭਣ ਲਗੀ। ਕਈ ਨਾਮਧਾਰੀਏ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨੋਂ ਵੀ ਸੰਕੋਚ ਨਹੀਂ ਸਨ ਕਰਦੇ, ਪਰ ਬਾਬਾ ਪਰਤਾਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਲਈ ਇਹ ਅਦਬ ਮੁੜ ਕਾਇਮ ਕੀਤਾ।

ਦੇਸ਼ ਦੀ ਵੰਡ ਤੋਂ ਪਹਿਲਾਂ ਬਾਬਾ ਪਰਤਾਪ ਸਿੰਘ ਨੇ ਸੰਤ ਨਿਧਾਨ ਸਿੰਘ ਆਲਮ ਦੇ ਸ਼ਰਾਰਤੀ ਸੁਝਾਉ ਤੇ ਗੁਰੂ ਗ੍ਰੰਥ ਸਾਹਿਬ ਦਾ ਪਤਰਾ-ਪਾਠ ਅਰੰਭ ਕੀਤਾ। ਉਸ ਸਮੇਂ ਸਿਖ ਪੰਥ ਵਿਚ ਐਸੀਆਂ ਵਿਅਕਤੀਆਂ ਸਨ, ਜੋ ਸ਼ਰੋਮਣੀ ਕਮੇਟੀ ਜਾਂ ਚੀਫ ਖ਼ਾਲਸਾ ਦੀਵਾਨ ਦੇ ਹੁਕਮਾਂ ਨੂੰ ਨਹੀਂ ਸਨ ਉਡੀਕਦੀਆਂ। ਬਾਬਾ ਖੜਕ ਸਿੰਘ, ਭਾਈ ਸਾਹਿਬ ਰਣਧੀਰ ਸਿੰਘ ਤੇ ਸਰਦਾਰ ਅਮਰ ਸਿੰਘ ਸ਼ੇਰੇ ਪੰਜਾਬ ਨੇ ਜ਼ਬਰਦਸਤ ਪ੍ਰੋਟੈਸਟ ਕੀਤਾ। ਇਨ੍ਹਾਂ ਦੀ ਕੜਕਦੀ ਗਰਜ ਤੋਂ ਬਾਬਾ ਪਰਤਾਪ ਸਿੰਘ ਘਬਰਾ ਗਏ। ਉਨ੍ਹਾਂ ਨੇ ਸ਼ਰੋਮਣੀ ਕਮੇਟੀ ਨੂੰ ਅਤੇ ਸਰਦਾਰ ਅਮਰ ਸਿੰਘ ਸ਼ੇਰੇ ਪੰਜਾਬ ਨੂੰ ਲਿਖਤੀ ਰੂਪ ਵਿਚ ਯਕੀਨ ਦਿਵਾਇਆ ਕਿ ਉਹ ਅਗੇ ਨੂੰ ਐਸੀ ਹਰਕਤ ਨਹੀਂ ਕਰਨਗੇ।

ਪਰ ਬਾਬਾ ਜਗਜੀਤ ਸਿੰਘ ਨੇ ਜਦ ਦੇਖਿਆ ਕਿ ਉਨ੍ਹਾਂ ਨੂੰ ਮੱਥਾ ਟੇਕਣ ਵਾਲੇ ਘਟਦੇ ਜਾਂਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਥਾ ਟੇਕਣ ਵਾਲੇ ਵਧਦੇ ਜਾਂਦੇ ਹਨ ਤਾਂ ਮੁੜ ਇਹ ਨਿਧਾਨ ਸਿੰਘ ਆਲਮ ਵਾਲੀ ਪੁਰਾਣੀ ਸ਼ਰਾਰਤ ਸੁਝੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਜੂਦ ਤੇ ਗੁਰੂ ਅਰਜਨ—ਗੁਰੂ ਗੋਬਿੰਦ ਸਿੰਘ ਦੇ ਸਥਾਪਤ ਕੀਤੇ ਅਟੱਲ ਸਰੂਪ ਦਾ ਨਿਰਾਦਰ ਕਰਨ ਲਈ ਪਤਰਾ-ਪਾਠ ਅਰੰਭ ਕਰਵਾਇਆ ਜਾਵੇ। ਇਸ ਪਤਰਾ-ਪਾਠ ਕਰਵਾਣ ਦਾ ਬਾਬਾ ਜਗਜੀਤ ਸਿੰਘ ਦਾ ਮਨੋਰਥ ਆਪਣੇ ਪਿਛ-ਲਗੂਆਂ ਨੂੰ ਇਹ ਦਸਣ ਦਾ ਹੈ ਕਿ ਗੁਰੂ ਤੇ ਜਗਜੀਤ ਸਿੰਘ ਹੈ, ਇਹ ਤਾਂ ਸਿਰਫ ਛਪੇ ਹੋਏ ਪਤਰੇ ਹਨ।

**ਕਰੀਬਨ ਹਰ ਸਫ਼ੇ ਤੇ ਪਹਿਲੀ ਸਤਰ ਦੀ ਪਹਿਲੀ ਤੁਕ ਅਧੂਰੀ ਹੁੰਦੀ ਹੈ ਤੇ ਆਖ਼ਰੀ ਸ਼ਬਦ ਵੀ ਤੇ ਤੁਕ ਵੀ ਅਧੂਰੀ ਹੁੰਦੀ ਹੈ। ਇਉਂ ਪਤਰਾ-ਪਾਠ ਰਾਹੀਂ ਹਰ ਪਤਰੇ ਦਾ ਪਾਠ ਖੰਡਤ ਕਰਦੇ ਹਨ।** ਅਜ ਤਾਂ ਬਾਬਾ ਜਗਜੀਤ ਸਿੰਘ ਬਿਠਾਲ ਕੇ ਇਹ ਪਾਠ ਕਰਵਾਉਂਦੇ ਹਨ, ਕਲ੍ਹ ਨੂੰ ਕਹਿਣਗੇ ਲੇਟ ਕੇ ਜਿਵੇਂ ਅਖ਼ਬਾਰਾਂ ਪੜ੍ਹੀਦੀਆਂ ਹਨ, ਇਵੇਂ ਲੇਟ ਕੇ ਪਾਠ ਕਰੋ।

ਮੈਨੂੰ ਅਫ਼ਸੋਸ ਹੈ ਸਾਡੇ ਤਖ਼ਤਾਂ ਦੇ ਜਥੇਦਾਰਾਂ ਉਤੇ, ਜੋ ਉਡੀਕਦੇ ਹਨ ਕਿ ਉਨ੍ਹਾਂ ਦੇ ਦਫ਼ਤਰ ਉਨ੍ਹਾਂ ਨੂੰ ਕੀ ਹੁਕਮ ਦਿੰਦੇ ਹਨ। ਮੈਨੂੰ ਅਫ਼ਸੋਸ ਹੈ ਸੰਤ ਸਮਾਜ ਤੇ, ਜੋ ਮੰਗਲਾ-ਚਰਨਾਂ ਦੇ ਮਸਲੇ ਉਤੇ ਕਾਨਫ਼ਰੰਸਾਂ ਕਰਦਾ ਸੀ, ਅਜ ਸਭ ਸੰਤ ਮਹੰਤ ਦੰਦਾਂ ਵਿਚ ਉਂਗਲੀਆਂ ਪਾਈ ਬੈਠੇ ਹਨ। ਸ਼ੁਕਰ ਹੈ ਸ਼ਰੋਮਣੀ ਕਮੇਟੀ ਹਰਕਤ ਵਿਚ ਆਈ ਅਤੇ ਉਨ੍ਹਾਂ ਨੇ ਨਾਮਧਾਰੀਆਂ ਦੀ ਇਸ ਮੂਰਖਤਾ ਵਿਰੁਧ ਤਕੜੇ ਕਦਮ ਚੁਕਣ ਦਾ ਫ਼ੈਸਲਾ ਕੀਤਾ ਹੈ।

ਗੁਰੂ ਗ੍ਰੰਥ ਸਾਹਿਬ 'ਚ ਗੁਰੂ ਸਾਹਿਬ ਨੇ ਤਿੰਨ ਪ੍ਰਕਾਰ ਦੇ ਮੂਰਖ ਦਸੇ ਹਨ, ਅਤੇ ਉਨ੍ਹਾਂ ਤਿੰਨ ਪ੍ਰਕਾਰ ਦੇ ਮੂਰਖਾਂ ਨਾਲ ਜੋ ਵਤੀਰਾ ਕਰਨਾ ਚਾਹੀਦਾ ਹੈ ਉਸ ਦੀ ਸੇਧ ਸਾਨੂੰ ਭਾਈ ਗੁਰਦਾਸ ਨੇ ਦਿਤੀ ਹੈ ਜਿਸ ਵਲ ਅਸੀਂ ਉਪਰ ਇਸ਼ਾਰਾ ਕਰ ਚੁਕੇ ਹਾਂ। ਉਹ ਤਿੰਨ ਪ੍ਰਕਾਰ ਦੇ ਮੂਰਖ ਇਹ ਹਨ :—

੧. ਮੂਰਖ ਜੋ ਸਮਝਾਇਆਂ ਸਮਝ ਜਾਣ, ਇਨ੍ਹਾਂ


www.AKJ.Org

ਦੇ ਨਾਲ ਨਰਮੀ ਤੇ ਸੂਝ ਸਮਝ ਨਾਲ ਪੇਸ਼ ਆਣਾ ਚਾਹੀਦਾ ਹੈ।

੨. ਦੂਸਰੇ ਅੰਧ ਮੂਰਖ, ਜੋ ਸਮਝਾਇਆਂ ਵੀ ਨ ਸਮਝਣ, ਇਨ੍ਹਾਂ ਨਾਲ ਉਹ ਵਰਤਾਉ ਕਰਨਾ ਚਾਹੀਦਾ ਹੈ ਜੋ ਭਾਈ ਬੁਢਾ ਤੇ ਭਾਈ ਗੁਰਦਾਸ ਨੇ ਮੀਣਿਆਂ ਨਾਲ ਕੀਤਾ । 'ਸਿਰੇ ਸਿਰ ਪਹਣੀ ਮਾਰੀਅਨ ਓਇ ਪੀਰ ਫਿਟਿਕੇ ।'

੩. ਤੀਸਰੀ ਕਿਸਮ ਦੇ ਮੂਰਖ ਹਨ ਜਿਨ੍ਹਾਂ ਨੂੰ ਗੁਰਬਾਣੀ ਵਿਚ ਘੋਰ ਮੂਰਖ ਲਿਖਿਆ ਹੈ। ਜਦ ਇਨ੍ਹਾਂ ਨੂੰ ਸਮਝਾਉ ਤਾਂ ਇਹ ਲੜ ਪੈਂਦੇ ਹਨ। ਇਸ ਪ੍ਰਕਾਰ ਦੇ ਮੂਰਖਾਂ ਦੀ ਟੋਲੀ ਜੋ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਉਨ੍ਹਾਂ ਨੂੰ ਸਿਖ ਪੰਥ ਵਿਚੋਂ ਕਢ ਦੇਣਾ ਚਾਹੀਦਾ ਹੈ।

ਬਾਬਾ ਪਰਤਾਪ ਸਿੰਘ ਜੀ ਨੇ ਇਸ ਘਿਰਣਿਤ ਕਰਤੂਤ ਉਤੇ ਲਿਖਤੀ ਪ੍ਰਾਸਚਿਤ ਕੀਤਾ। ਉਨ੍ਹਾਂ ਦੀ ਇਛਿਆ ਸੀ ਕਿ ਨਾਮਧਾਰੀ, ਸਿਖ ਪੰਥ ਦਾ ਅੰਗ ਬਣੇ ਰਹਿਣ। ਬਾਬਾ ਜਗਜੀਤ ਸਿੰਘ ਨੇ ਕਿਹੜਾ ਰਸਤਾ ਅਖ਼ਤਿਆਰ ਕਰਨਾ ਹੈ ਉਸ ਦਾ ਉਨ੍ਹਾਂ ਤੋਂ ਲਿਖਤੀ ਸਪੱਸ਼ਟੀਕਰਨ ਮੰਗਿਆ ਜਾਵੇ। ਮੈਂ ਇਕ ਇਸਾਈ ਪਾਦਰੀ, ਜੋ ਸੰਸਕ੍ਰਿਤ ਦਾ ਵੀ ਚੰਗਾ ਵਿਦਵਾਨ ਹੈ, ਤੋਂ ਪੁਛਿਆ ਕਿ ਜੇ ਈਸਾਈ ਧਰਮ ਦਾ ਕੋਈ ਫ਼ਿਰਕਾ ਬਾਈਬਲ ਦਾ ਪਤਰਾ ਪਤਰਾ ਕਰ ਕੇ ਲੋਕਾਂ ਤੋਂ ਪਾਠ ਕਰਵਾਵੇ ਤਾਂ ਤੁਸੀਂ ਕੀ ਕਰੋਗੇ। ਪਹਿਲਾਂ ਤਾਂ ਉਹ ਇਸ ਗੱਲ ਦਾ ਯਕੀਨ ਹੀ ਨਹੀਂ ਸੀ ਕਰਦਾ ਕਿ ਭਾਰਤ ਵਿਚ, ਜਿਥੇ ਧਰਮ-ਗ੍ਰੰਥਾਂ ਦਾ ਇਤਨਾ ਸਤਿਕਾਰ ਹੈ, ਕੋਈ ਐਸਾ ਮੂਰਖਾਂ ਦਾ ਟੋਲਾ ਹੋ ਸਕਦਾ ਹੈ। ਪਰ ਜਦ ਮੈਂ ਉਸ ਨੂੰ ਯਕੀਨ ਦਿਵਾਇਆ ਕਿ ਪੰਜਾਬ ਵਿਚ ਹੀ ਐਸੇ ਉਪਦਰਵੀ ਟੋਲੇ ਹਨ ਤਾਂ ਉਹ ਬੜਾ ਸੋਚ ਕੇ ਕਹਿਣ ਲਗਾ ਕਿ ਕੈਥੋਲਿਕ ਮੱਤ ਵਿਚ ਤਾਂ ਪੋਪ ਫ਼ੌਰਨ ਐਸੇ ਫ਼ਿਰਕੇ ਨੂੰ ਇਸਾਈ ਮਤ ਵਿਚੋਂ ਕਢ ਦੇਵੇਗਾ ਅਤੇ ਇਨ੍ਹਾਂ ਦੇ ਸਮਾਜਕ ਤੇ ਭਾਈਚਾਰਕ ਬਾਈਕਾਟ ਦਾ ਵੀ ਫ਼ੌਰਨ ਐਲਾਨ ਕਰ ਦੇਵੇਗਾ। ਪਰ ਪ੍ਰਾਟਿਸਟੈਂਟ ਮੱਤ ਵਾਲੇ ਸ਼ਾਇਦ ਕੁਝ ਰਹਿਮ ਕਰਨ। ਉਹ ਜਾਂ ਤਾਂ ਐਸੀ ਸਾਰੀ ਟੋਲੀ ਨੂੰ ਪਾਗ਼ਲਖ਼ਾਨੇ ਜਾਂ ਜੇਲ੍ਹ ਵਿਚ ਭੇਜ ਦੇਣਗੇ, ਅਤੇ ਉਥੇ ਹੀ ਉਨ੍ਹਾਂ ਦੀ ਪ੍ਰੇਮ ਨਾਲ ਸੇਵਾ ਕਰਨਗੇ, ਜਦ ਤਕ ਉਨ੍ਹਾਂ ਦਾ ਦਿਮਾਗ ਨਹੀਂ ਦਰੁਸਤ ਹੋ ਜਾਂਦਾ।

ਬਾਬਾ ਜਗਜੀਤ ਸਿੰਘ ਆਪਣੀ ਇਸ ਪਖੰਡ ਪਤਰਾ-ਪਾਠ ਦੀ ਹਰਕਤ ਉਤੇ ਪਛਤਾਉਂਦੇ ਹਨ ਕਿ ਨਹੀਂ, ਇਹ ਕਿਹਾ ਨਹੀਂ ਜਾ ਸਕਦਾ। ਪਰ ਜੇ ਇਹ ਵਿਣ ਗੁਣ ਬਣੇ ਗੁਰੂ ਆਪਣੀ ਇਸ ਕੁਟਿਲਤਾ ਤੋਂ ਨਹੀਂ ਟਲਦੇ ਤਾਂ ਸਿਖ ਪੰਥ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਦ੍ਰਿੜ੍ਹ ਪ੍ਰੋਗਰਾਮ ਉਲੀਕ ਲੈਣਾ ਚਾਹੀਦਾ ਹੈ।

---

## ਸ੍ਰੀ ਹੇਮਕੁੰਟ ਸਾਹਿਬ ਜੀ ਦੀ ਪਾਵਨ ਯਾਤਰਾ

ਭਾਈ ਸਾਹਿਬ ਹਰਚਰਨ ਸਿੰਘ ਜੀ ਸ੍ਰੀ ਹੇਮ ਕੁੰਟ ਸਾਹਿਬ ਦੀ ਯਾਤਰਾ ਲਈ ੧੯ ਅਗਸਤ ੧੯੭੫ ਨੂੰ ਸਵੇਰੇ ਰਿਖੀ ਕੇਸ਼ ਤੋਂ ਸਾਥੀਆਂ ਸਮੇਤ ਚਲ ਕੇ, ਗੁਰਦੁਆਰਿਆਂ ਦੀ ਯਾਤਰਾ ਕਰਦੇ ਹੋਏ ੨੨ ਅਗਸਤ ਨੂੰ ਸ੍ਰੀ ਹੇਮ ਕੁੰਟ ਪੁਜਣਗੇ ਅਤੇ ੨੮ ਅਗਸਤ ਤਕ ਵਾਪਸ ਰਿਖੀ ਕੇਸ਼ ।

ਪੂਰੇ ਪ੍ਰੋਗਰਾਮ ਲਈ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ —

ਭਾਈ ਹਰਚਰਨ ਸਿੰਘ ਜੀ, 226, ਸੈਕਟਰ 21-ਏ, ਚੰਡੀਗੜ੍ਹ

www.AKJ.Org

"ਅੱਖੀਂ ਘੱਟਾ, ਮੂੰਹ ਵਿਚ ਡੱਟਾ, ਬੋਲ ਨਾ ਸਕੇ ਬਿੱਟ ਬਿੱਟ ਤਕੇ"

## ਮੇਰੀ ਸਾਰੀਆਂ ਸਿਖ ਸੰਪਰਦਾਵਾਂ ਨੂੰ ਬੇਨਤੀ

# ਗੁਰਮਤਿ ਵਿਰੁਧ ਚਲਣ ਵਾਲੇ ਆਪ-ਹੁਦਰੇ ਸੱਜਣਾਂ ਨੂੰ ਰੋਕੋ

[ਵਲੋਂ—ਬਾਬਾ ਗੁਰਮੁਖ ਸਿੰਘ ਜੀ, ਲੁਧਿਆਣਾ]

ਗੁਰੂ ਪੰਚਮ ਪਾਤਸ਼ਾਹ ਨੇ ਸਤਿਗੁਰਾਂ ਦੀ ਬਾਣੀ ਸੈਂਚੀਆਂ ਵਿਚ ਲਿਖੀ ਹੋਈ ਸਾਰੀ ਇਕੱਠੀ ਕਰ ਕੇ ਅਤੇ ਭਗਤਾਂ ਦੀ ਬਾਣੀ ਭੀ ਸ਼ਾਮਲ ਕਰ ਕੇ ਸੰਸਾਰ ਉਤੇ ਇਕ ਬਹੁਤ ਵੱਡਾ ਪਰਉਪਕਾਰ ਕੀਤਾ ਹੈ। ਉਨ੍ਹਾਂ ਨੇ ਜਿਸ ਦਿਨ ਤੋਂ ਬਾਣੀ ਸੰਗ੍ਰਹਿ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ, ਉਸ ਦਿਨ ਤੋਂ ਗੁਰੂ ਗ੍ਰੰਥ ਸਾਹਿਬ ਪਾਵਨ ਬੀੜ ਨੂੰ ਪਲੰਘ ਉਤੇ ਬਿਰਾਜਮਾਨ ਕਰ ਕੇ ਆਪ ਥੱਲੇ ਚਦਰ ਵਿਛਾ ਕੇ ਬਿਰਾਜਦੇ ਰਹੇ। ਇਸ ਵਾਸਤੇ ਜੇ ਸੈਂਚੀਆਂ ਬਣਾ ਕੇ ਹੀ ਅਖੰਡ ਪਾਠ ਕਰਨੇ ਹੁੰਦੇ ਤਾਂ ਉਨ੍ਹਾਂ ਨੂੰ ਸੈਂਚੀਆਂ ਰਾਹੀਂ ਬਾਣੀ ਇਕੱਠੀ ਕਰ ਕੇ ਗੁਰੂ ਗ੍ਰੰਥ ਸਾਹਿਬ ਪਾਵਨ ਬੀੜ ਨੂੰ ਤਿਆਰ ਕਰਨ ਦੀ ਕੀ ਲੋੜ ਸੀ। ਇਸ ਲਈ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੇ ਸਤਿਗੁਰਾਂ ਨੇ ਗੁਰੂ ਗ੍ਰੰਥ ਸਾਹਿਬ ਪਾਵਨ ਬੀੜ ਦਾ ਅਦਬ ਕੀਤਾ ਤਾਂ ਨਾਮਧਾਰੀਆਂ ਨੂੰ ਪਤਰਾ-ਪਾਠ ਕਰਨ ਦਾ ਪ੍ਰੋਗਰਾਮ ਨਹੀਂ ਬਣਾਉਣਾ ਚਾਹੀਦਾ।

ਨਾਮਧਾਰੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪਹਿਲਾਂ ਬਾਬਾ ਪਰਤਾਪ ਸਿੰਘ ਨੇ ਵੀ ਪਤਰਾ-ਪਾਠ ਸ਼ੁਰੂ ਕਰਾਇਆ ਸੀ, ਫਿਰ ਸਿੰਘਾਂ ਨੇ ਬੰਦ ਕਰਵਾਇਆ ਸੀ। ਬਾਬਾ ਜੀ ਨੇ ਪਤਰਾ-ਪਾਠ ਕਰਨ ਦਾ ਜੋ ਪ੍ਰੋਗਰਾਮ ਬਣਾਇਆ ਸੀ, ਉਸ ਦੇ ਬਦਲੇ ਉਨ੍ਹਾਂ ਨੂੰ ਸਜ਼ਾ ਵੀ ਮਿਲੀ ਕਿ ਉਸ ਦਿਨ ਤੋਂ ਹੀ ਮੁਕੱਦਮੇ-ਬਾਜ਼ੀ ਬੇਅੰਤ ਛਿੜ ਕੇ ਘਰ ਵਿਚ ਕਲੇਸ਼ ਪੈਦਾ ਹੋਏ ਅਤੇ ਫਿਰ ਉਸੇ ਕਲੇਸ਼ ਪਰਥਾਏ ਬਿਮਾਰ ਹੋ ਗਏ ਅਤੇ ਸਖ਼ਤ ਬਿਮਾਰ ਹੋ ਕੇ ਚੜ੍ਹਾਈ ਕੀਤੀ।

ਹੁਣ ਵੀ ਪਤਾ ਲਗਾ ਹੈ ਕਿ ਬਾਬਾ ਜਗਜੀਤ ਸਿੰਘ ਜੀ ਬਿਮਾਰ ਰਹਿੰਦੇ ਹਨ। ਨਾਮਧਾਰੀ ਜੇ ਭਲਾ ਚਾਹੁੰਦੇ ਹਨ ਤਾਂ ਪਤਰਾ-ਪਾਠ ਬੰਦ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਪਾਵਨ ਬੀੜ ਨੂੰ ਦਸਾਂ ਪਾਤਸ਼ਾਹੀਆਂ ਦਾ ਸਰੂਪ ਮੰਨ ਕੇ ਬੇਅੰਤ ਪਾਠ ਕਰ ਸਕਦੇ ਹਨ ਅਤੇ ਜਿਸ ਤਰ੍ਹਾਂ ਉਹ ਗੁਰ-ਮੰਤਰ ਦਾ ਪਾਠ ਕਰਦੇ ਹਨ ਉਹ ਸ਼ਲਾਘਾ ਯੋਗ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗਦੀ ਦੇ ਕੇ ਹੁਕਮ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ "ਜੁਗੋ ਜੁਗ ਅਟੱਲ" ਗੁਰ-ਗਦੀ ਦੇ ਮਾਲਕ ਹਨ। ਅਗੇ ਵਾਸਤੇ ਸਤਿਗੁਰ ਦੀ ਗੱਦੀ ਦਾ ਕੋਈ ਹੱਕਦਾਰ ਨਹੀਂ ਹੈ। ਸਤਿਗੁਰੂ ਆਪ ਵਿਰਲੇ ਵਿਰਲੇ ਸਿੱਖਾਂ ਵਿਚ ਟੂਕ-ਬਲ ਦੇ ਕੇ ਸਿੱਖੀ ਪ੍ਰਚਾਰ ਕਰਾਂਦੇ ਹਨ। ਜਿਸ ਤਰ੍ਹਾਂ ਬਾਬਾ ਕਰਮ ਸਿੰਘ ਹੋਤੀ ਮਰਦਾਨ, ਬਾਬਾ ਅਤਰ ਸਿੰਘ ਮਸਤੂਆਣਾ, ਬਾਬਾ ਰਾਮ ਸਿੰਘ ਭੈਣੀ ਸਾਹਿਬ ਵਾਲੇ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ ਅਤੇ ਹੋਰ ਬਹੁਤ ਸਿੱਖਾਂ ਨੂੰ ਬਲ ਦੇ ਕੇ ਸਿਖੀ ਪ੍ਰਚਾਰ ਕਰਾਉਂਦੇ ਰਹੇ, ਕਿਉਂਕਿ ਖ਼ਾਲਸੇ ਵਿਚ ਗੁਰੂ ਆਪ ਨਿਵਾਸ ਕਰਦਾ ਹੈ। ਪਰ ਇਹ ਸਾਰੇ ਮਹਾਂ ਪੁਰਸ਼ ਆਪਣੇ ਆਪ ਨੂੰ ਸਤਿਗੁਰੂ ਨਹੀਂ ਕਹਾਏ। ਜੋ ਵੀ ਸਿਖ ਕਰਨੀ ਵਾਲੇ ਹੋਏ ਹਨ, ਉਹ ਆਪਣੇ ਆਪ ਨੂੰ ਸਤਿਗੁਰ ਨਹੀਂ ਕਹਾਏ।

ਇਸ ਵਾਸਤੇ ਮੇਰੀ ਤਮਾਮ ਸਿੱਖ ਸੰਪਰਦਾਵਾਂ ਨੂੰ ਬੇਨਤੀ ਹੈ ਕਿ ਸਤਿਗੁਰਾਂ ਵਾਲੀ ਗੱਦੀ ਦੇ ਮਾਲਕ ਨਾ ਬਨਣ। ਜੇ ਕਿਸੇ ਮਹਾਂ ਪੁਰਸ਼ ਨੇ ਗੁਰੂ ਬਣਨਾ ਹੈ ਤਾਂ ਉਹ ਆਪਣੀ ਬਾਣੀ ਹੋਰ ਉਚਰ ਲੈਣ ਤੇ ਆਪਣੇ ਗੁਰ-ਮੰਤਰ ਹੋਰ ਬਣਾ ਲੈਣ। ਗੁਰੂ-ਘਰ ਦੇ ਚੋਰ ਨਾ ਬਣਨ।

[ਰੋਜ਼ਾਨਾ 'ਸੂਰਜ' ਲੁਧਿਆਣਾ, ੧੭-੬-੭੫

★



www.AKJ.Org

# ਕੂਕਾ ਕੁਫ਼ਰ-ਤੋੜ ਕਾਨਫ਼ਰੰਸ

ਮਿਤੀ ੧੮-੧੯ ਜੂਨ ੧੯੭੫ ਨੂੰ ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਦੁਲਏ ਜ਼ਿਲਾ ਲੁਧਿਆਣਾ ਵਿਖੇ ਕੂਕਿਆਂ ਦੇ ਕੁਫ਼ਰ ਵਿਰੁਧ ਵਿਚਾਰਾਂ ਕਰਕੇ ਨਿਘਰ ਕਾਰਵਾਈ ਕਰਨ ਲਈ, ਪੰਥਕ ਕਾਨਫ਼ਰੰਸ ਹੋਈ, ਜਿਸ ਵਿਚ ਉਘੇ ਪੰਥ-ਦਰਦੀਆਂ ਤੇ ਗੁਰਮਤਿ ਹਿਤੈਸ਼ੀਆਂ ਨੇ ਸਰਗਰਮ ਹਿੱਸਾ ਲਿਆ ਅਤੇ ਜੋਸ਼ ਭਰੇ ਲਹਿਜੇ ਵਿਚ ਕੂਕਿਆਂ ਦੇ ਕੁਫ਼ਰ ਵਿਰੁਧ ਧੜੱਲੇਦਾਰ ਤਕਰੀਰਾਂ ਕੀਤੀਆਂ। ਚਾਹੇ ਇਸ ਕਾਨਫ਼ਰੰਸ ਵਿਚ ਆਮ ਮੇਲਿਆਂ ਵਾਂਗ ਬਹੁਤੀ ਭੀੜ ਨਹੀਂ ਸੀ, ਪਰ ਜਿਹੜੇ ਸਜਣ ਉਥੇ ਪੁਜੇ ਸਨ, ਉਹ ਬੜੇ ਦਰਦ ਅਤੇ ਸਿਖੀ ਜਜ਼ਬਾਤ ਵਾਲੇ ਸਨ ਜਾਂ ਇਉਂ ਕਹਿ ਲਓ ਕਿ ਗੁਰਸਿਖੀ ਦਾ ਨਰੋਆ ਅੰਗ ਉਥੇ ਕਾਫ਼ੀ ਪੁਜਾ ਹੋਇਆ ਸੀ। ਕੁਝ ਕੁ ਪ੍ਰਤਿਸ਼ਟ ਸਜਣਾਂ ਦੇ ਨਾਉਂ ਹੇਠ ਲਿਖੇ ਅਨੁਸਾਰ ਹਨ —

ਜਥੇਦਾਰ ਸੁਰਜਨ ਸਿੰਘ ਜੀ ਠੇਕੇਦਾਰ ਮੈਂਬਰ ਸ਼੍ਰੋਮਣੀ ਕਮੇਟੀ, ਗਿ: ਹਰਭਗਤ ਸਿੰਘ ਜੀ ਨਾਰੰਗਵਾਲ, ਗਿ: ਗੁਰਦਿਤ ਸਿੰਘ ਜੀ ਸਕੱਤਰ ਕੇਂਦਰੀ ਸਿੰਘ ਸਭਾ ਕਮੇਟੀ ਅੰਮ੍ਰਿਤਸਰ, ਅਕਾਲੀ ਟਹਿਲ ਸਿੰਘ ਜੀ ਨਿਹੰਗ, ਸੰਤ ਅਜਾਇਬ ਸਿੰਘ ਜੀ ਬੋਪਾਰਾਇ, ਸ: ਗਿਆਨ ਸਿੰਘ ਜੀ ਰਾੜੇਵਾਲਾ, ਡਾ: ਤ੍ਰਿਲੋਚਨ ਸਿੰਘ ਜੀ, ਸ: ਬਲਬੀਰ ਸਿੰਘ ਜੀ ਪ੍ਰਧਾਨ ਸਿੰਘ ਸਭਾ ਸ਼ਤਾਬਦੀ ਕਮੇਟੀ ਜ਼ਿਲਾ ਲੁਧਿਆਣਾ, ਬਾਬਾ ਗੁਰਮੁਖ ਸਿੰਘ ਜੀ ਸਰਪ੍ਰਸਤ ਰਾਮਗੜ੍ਹੀਆ ਫ਼ੈਡਰੇਸ਼ਨ, ਗਿ: ਦਲੀਪ ਸਿੰਘ ਜੀ ਤਲਵੰਡੀ ਐਗਜ਼ੈਕਟਿਵ ਮੈਂਬਰ ਸ਼ਰੋਮਣੀ ਕਮੇਟੀ, ਗਿ: ਪ੍ਰਤਾਪ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ, ਬੀਬੀ ਹਰਸ਼ਰਨ ਕੌਰ ਜੀ ਮੈਂਬਰ ਕੇਂਦਰੀ ਸਿੰਘ ਸਭਾ ਕਮੇਟੀ ਅਤੇ ਮੈਂਬਰ ਕਾਰਜ ਸਾਧਕ ਕਮੇਟੀ ਸਰਬ ਹਿੰਦ ਅਖੰਡ ਕੀਰਤਨੀ ਜਥਾ, ਬੀਬੀ ਰਛਪਾਲ ਕੌਰ ਜੀ ਪ੍ਰਧਾਨ ਸਿੰਘ ਸਭਾ ਸ਼ਤਾਬਦੀ ਕਮੇਟੀ ਬਰਨਾਲਾ, ਗਿ: ਭਰਪੂਰ ਸਿੰਘ ਜੀ ਮੀਤ ਸਕੱਤਰ ਸ਼ਰੋਮਣੀ ਗੁ: ਪ੍ਰ: ਕਮੇਟੀ, ਭਾਈ ਸਾਹਿਬ ਜੋਗਿੰਦਰ ਸਿੰਘ ਜੀ ਟ੍ਰਸਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਅੰਬਾਲਾ, ਸ: ਆਤਮਾ ਸਿੰਘ ਜੀ ਸਾਗਰ, ਮਾਲਕ ਸਾਗਰ ਇੰਡਸਟੀਜ਼ ਲੁਧਿਆਣਾ ਆਦਿ।

ਕਾਨਫ਼ਰੰਸ ਵਿਚ ਇਤਨਾ ਜੋਸ਼ ਸੀ ਕਿ ਸੰਤ ਅਜਾਇਬ ਸਿੰਘ ਜੀ ਤਾਂ ਅਤਿ ਵਲਵਲੇ ਵਿਚ ਆ ਗਏ ਤੇ ਕਹਿਣ ਲਗੇ ਕਿ ਹੁਣ ਘਰਾਂ ਨੂੰ ਪਿਛੇ ਨਹੀਂ ਮੁੜਨਾ ਅਤੇ ਕਿਸੇ ਹੋਰ ਪ੍ਰੋਗਰਾਮ ਦੀ ਉਡੀਕ ਕਰਨ ਦੀ ਲੋੜ ਨਹੀਂ ਅਤੇ ਨਾ ਹੀ ਕਿਸੇ ਮੁਖੀ ਸੰਸਥਾ ਦੇ ਮੂੰਹ ਵਲ ਤਕਣ ਦੀ ਲੋੜ ਹੈ, ਸਗੋਂ ਇਥੋਂ ਹੀ ਭੈਣੀ ਨੂੰ ਮਾਰਚ ਕਰ ਦਿਓ ਅਤੇ ਪੰਥ-ਦੋਖੀਆਂ ਨੂੰ ਹਥੋ ਹਥੀ ਸੋਧ ਦਿਓ। ਨੌਜਵਾਨ ਸ: ਜੋਗਿੰਦਰ ਸਿੰਘ ਜੀ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੋਰਾਹਾ ਨੇ ਜੋਸ਼ ਵਿਚ ਆ ਕੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਦੀ ਸੇਵਾ ਪੇਸ਼ ਕੀਤੀ ਅਤੇ ਕਿਹਾ ਕਿ ਪੰਥ ਜਿਥੇ ਆਪਣਾ ਪਸੀਨਾ ਡੋਲ੍ਹੇਗਾ, ਮੈਂ ਉਥੇ ਆਪਣਾ ਖ਼ੂਨ ਬਹਾਵਾਂਗਾ। ਇਹੋ ਜਿਹੀਆਂ ਬੇਅਦਬੀਆਂ ਕਰਨ ਵਾਲਿਆਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ।

੧੯ ਜੂਨ ਦੇ ਸਵੇਰ ਦੇ ਸਮਾਗਮ ਦੇ ਅੰਤ ਵਿਚ ਹੇਠ ਲਿਖਿਆ ਗੁਰਮਤਾ ਪੇਸ਼ ਹੋ ਕੇ ਭਾਰੀ ਤਕਰੀਰਾਂ ਪਿਛੋਂ ਸਰਬ-ਸੰਮਤੀ ਨਾਲ ਪਾਸ ਹੋਇਆ —

**"ਗੁਰਦੁਆਰਾ ਫਲਾਹੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਦੁਲਏ ਜ਼ਿਲਾ ਲੁਧਿਆਣਾ ਵਿਖੇ ਮਿਤੀ ੧੯ ਜੂਨ ੧੯੭੫ ਨੂੰ ਸਜੀ ਕੂਕਾ ਕੁਫ਼ਰ-ਤੋੜ ਅਕਾਲੀ ਕਾਨਫ਼ਰੰਸ ਸਰਬ ਸੰਮਤੀ ਨਾਲ ਪਾਸ ਕਰਦੀ ਹੈ ਕਿ ਕੂਕਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿਤਰ ਬੀੜ ਦੇ ਦੂਜੀ ਵੇਰ ਪਤਰਾ-ਪਾਠ ਕਰਨ ਦੀ ਜੋ ਮਨਮਤਿ ਕੀਤੀ ਹੈ, ਇਹ ਗੁਰਮਤਿ ਅਤੇ ਸਿਖੀ ਰਵਾਇਤਾਂ ਦੇ ਬਿਲਕੁਲ ਉਲਟ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਤੋਂ ਇਨਕਾਰ ਕਰਨ ਅਤੇ ਆਪਣੇ ਸ਼ਖਸੀ ਗੁਰੂ-ਡੰਮ ਨੂੰ ਚਲਾਉਣ ਲਈ ਕੀਤੀ ਗਈ ਗਿਣੀ ਮਿਥੀ ਸਾਜ਼ਸ਼ ਹੈ।**

**ਇਹ ਕਾਨਫ਼ਰੰਸ ਉਸ ਦੀ ਜ਼ੋਰਦਾਰ ਨਿਖੇਧੀ ਕਰਦੀ ਹੈ।**

www.AKJ.Org

ਗੁਰਮਤਿ ਦੇ ਦ੍ਰਿਸ਼ਟੀ-ਕੋਣ ਤੋਂ ਇਹ ਕਾਨਫ਼ਰੰਸ ਸਪੱਸ਼ਟ ਕਰਦੀ ਹੈ ਕਿ ਕੂਕਿਆਂ ਨੇ ਆਪਣੇ ਸਿਧਾਂਤਕ ਤੇ ਇਤਿਹਾਸਕ ਤੌਰ ਤੇ ਗ਼ਲਤ ਗੁਰੂ-ਡੰਮ ਨੂੰ ਦਰੁਸਤ ਸਾਬਤ ਕਰਨ ਲਈ ਸਿਖੀ ਦੇ ਮੂਲ-ਮੰਤਰ ਅਤੇ ਅਰਦਾਸ ਦੀ ਭੰਨ-ਤੋੜ ਕੀਤੀ ਹੈ, ਯਾਰ੍ਹਵੇਂ ਅਤੇ ਬਾਰ੍ਹਵੇਂ ਕਲਪਿਤ ਗੁਰੂਆਂ ਦਾ ਨਾਂ ਅਰਦਾਸ ਵਿਚ ਜੋੜ ਕੇ ਸਿਖ ਧਰਮ ਦੇ ਬੁਨਿਆਦੀ ਸਿਧਾਂਤ, ਗੁਰੂ ਗ੍ਰੰਥ ਅਤੇ ਪੰਥ ਤੋਂ ਇਨਕਾਰ ਕੀਤਾ ਹੈ । ਇਸ ਲਈ ਇਹ ਕਾਨਫ਼ਰੰਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਮੰਗ ਕਰਦੀ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮਨਾਮਾ ਜਾਰੀ ਕਰਾਏ ਕਿ ਕੂਕੇ ਸਿਖ ਨਹੀਂ ਹਨ ।"

ਇਸ ਕਾਨਫ਼ਰੰਸ ਵਲੋਂ ਪੰਜ-ਮੈਂਬਰੀ ਸਿੰਘਾਂ ਦੀ ਇਕ ਕਮੇਟੀ ਸਥਾਪਤ ਕੀਤੀ ਗਈ । ਇਸ ਦੇ ਨਾਲ ਹੀ ਪੰਜ ਬੀਬੀਆਂ ਦੀ ਕਮੇਟੀ ਭੀ ਸਬੰਧਤ ਕੀਤੀ ਗਈ । ਉਨ੍ਹਾਂ ਨੂੰ ਕਾਨਫ਼ਰੰਸ ਵਲੋਂ ਇਸ ਮਸਲੇ ਬਾਰੇ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਨਾਲ ਗੱਲ-ਬਾਤ ਕਰਨ ਦਾ ਪੂਰਾ ਅਧਿਕਾਰ ਦਿਤਾ ਗਿਆ । ਜੇ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਉਨ੍ਹਾਂ ਦੀ ਤਸੱਲੀ ਨਾ ਕਰਾ ਸਕਣ ਤਾਂ ਉਹ ਆਪ ਪੰਥਕ ਕਨਵੈਨਸ਼ਨ ਬੁਲਾ ਕੇ ਪੰਥਕ ਫ਼ੈਸਲਾ ਲੈ ਲੈਣ ।

ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਦੇ ਨਾਂ ਇਹ ਹਨ— ੧. ਗਿ:ਦਲੀਪ ਸਿੰਘ ਜੀ ਤਲਵੰਡੀ ਮੈਂਬਰ ਐਗਜ਼ੇਕਟਿਵ ਸ਼੍ਰੋਮਣੀ ਗੁ: ਪ੍ਰ: ਕਮੇਟੀ, ੨. ਜਥੇਦਾਰ ਸੁਰਜਨ ਸਿੰਘ ਜੀ ਮੈਂਬਰ ਸ਼੍ਰੋ: ਗੁ: ਪ੍ਰ: ਕਮੇਟੀ, ੩. ਗਿ: ਹਰਭਗਤ ਸਿੰਘ ਜੀ ਨਾਰੰਗਵਾਲ, ੪. ਬਾਬਾ ਗੁਰਮੁਖ ਸਿੰਘ ਜੀ ਸਰਪ੍ਰਸਤ ਰਾਮਗੜ੍ਹੀਆ ਫ਼ੈਡਰੇਸ਼ਨ, ੫. ਸੰਤ ਅਜਾਇਬ ਸਿੰਘ ਜੀ ਬੋਪਾਰਾਇ ।

੦

# ਗੁਰਮਤਿ-ਸੇਧਾਂ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੇਵਾ ਵਿਚ ਭਾਈ ਭਗਤ ਸਿੰਘ ਜੀ ਬੁਕਸੈਲਰ ਨੇ ਕਈ ਸ਼ੰਕੇ ਲਿਖ ਕੇ ਲੰਬੀ ਚੌੜੀ ਚਿਠੀ ਭੇਜੀ । ਭਾਈ ਸਾਹਿਬ ਜੀ ਨੇ ਹੇਠ ਲਿਖੀ ਚਿਠੀ ਮਿਤੀ ੯ ਸਤੰਬਰ ੧੯੫੪ ਰਾਹੀਂ ਸੰਖਿਪਤ ਪਰ ਭਾਵ-ਪੂਰਤ ਉਤਰ ਭੇਜੇ, ਜਿਨ੍ਹਾਂ ਵਿਚੋਂ ਹਰੇਕ ਗੁਰਸਿਖ ਨੂੰ ਗੁਰਮਤਿ ਦੀਆਂ ਸੇਧਾਂ ਪ੍ਰਾਪਤ ਹੁੰਦੀਆਂ ਹਨ । ਉਹ ਚਿਠੀ ਇਸ ਤਰ੍ਹਾਂ ਹੈ —

ਕੁਮਾਰ ਹੱਟੀ, ਸ਼ਿਮਲ ਹਿਲਜ਼
੯-੯-੫੪

ਪਰਮ ਕਿਰਪਾਲੂ ਸ੍ਰੀ ਭਾਈ ਭਗਤ ਸਿੰਘ ਜੀਉ,

(੧) ਆਪ ਜੀ ਦੀ ਪ੍ਰੇਮ ਪਾਤੀ ਪੁਜੀ । ਉਤਰ ਵਿਚਿ ਬਿਨੈ ਹੈ ਕਿ ਦਸਵੰਧ ਸਬੰਧੀ ਆਪਣੇ ਨਿਜ ਸੁਆਰਥੀ ਕੰਮਾਂ ਤੋਂ ਬਿਨਾਂ ਗੁਰੂ-ਘਰ ਦੇ ਕੰਮਾਂ ਲਈ, ਪਰਸੁਆਰਥ ਨਮਿਤ ਆਪਣੀ ਮਰਜ਼ੀ ਅਨੁਸਾਰ ਖ਼ਰਚ ਕੀਤਾ ਜਾ ਸਕਦਾ ਹੈ । ਅਨਮਤੀਆਂ ਲਈ ਦਸਵੰਧ ਖ਼ਰਚ ਨਹੀਂ ਕੀਤਾ ਜਾ ਸਕਦਾ । ਪਰਉਪਕਾਰ ਨਮਿਤ ਧਰਮ-ਅਰਥ ਲਈ ਲਿਖੀਆਂ ਪੁਸਤਕਾਂ ਆਦਿ ਲਈ ਜਿਨ੍ਹਾਂ ਤੋਂ ਗੁਰਮਤਿ ਦਾ ਪਰਚਾਰ ਹੁੰਦਾ ਹੋਵੇ ।

(੨) ਅੰਮ੍ਰਿਤਧਾਰੀ ਬੇਅੰਮ੍ਰਿਤੀਏ ਦਾ ਜੂਠਾ ਬਿਲਕੁਲ ਨਹੀਂ ਖਾ ਸਕਦਾ ।

(੩) ਗੁਰੂ ਗ੍ਰੰਥ ਸਾਹਿਬ ਜੀ ਬਿਨਾਂ ਕੋਈ ਅੰਮ੍ਰਿਤਧਾਰੀ ਗੁਰਸਿਖ ਕਿਸੇ ਨੂੰ ਮਥਾ ਨਹੀਂ ਟੇਕ ਸਕਦਾ ।

(੪) ਮਿਲਣ ਸਮੇਂ ਅੰਮ੍ਰਿਤਧਾਰੀ ਸਿਖ ਇਕ ਦੂਜੇ ਨੂੰ "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ' ਦੇ ਭਾਵ ਅਨੁਸਾਰ ਇਕ ਦੂਜੇ ਅਗੇ ਝੁਕਦੇ ਹਨ ।

ਸਰਬਤ ਪ੍ਰੇਮੀਆਂ ਨੂੰ ਗੁਰ ਫ਼ਤਹ ॥

ਗੁਰੂ ਪੰਥ ਦਾ ਦਾਸ
(ਸਹੀ) ਰਣਧੀਰ ਸਿੰਘ

www.AKJ.Org

# ਕਿਰਪਾਨ ਬਹਾਦਰ ਤੇ ਦਾੜ੍ਹਾ ਬਹਾਦਰ

[ਵਲੋਂ — ਸ: ਸੇਵਾ ਸਿੰਘ ਜੀ 'ਸੇਵਕ' ਤਰਨ ਤਾਰਨ]

ਉਨੀਵੀਂ ਸਦੀ ਵਿਚ ਅੰਗਰੇਜ਼ਾਂ ਤੇ ਸਿਖਾਂ ਦੀਆਂ ਲੜਾਈਆਂ ਦਾ ਫਲ-ਰੂਪ ਸਿਖਾਂ ਨੂੰ ਸ਼ਸਤਰ-ਹੀਨ ਕੀਤਾ ਗਿਆ। ਮਹੰਤਾਂ ਤੇ ਪੁਜਾਰੀਆਂ ਵੇਲੇ ਅੰਮ੍ਰਿਤ ਪ੍ਰਚਾਰ ਉੱਕਾ ਬੰਦ ਹੋ ਗਿਆ। ਏਥੋਂ ਤਕ ਕਿ ਜੋ ਪ੍ਰਾਣੀ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤ ਛਕਣ ਵਾਸਤੇ ਆਉਂਦੇ, ਪੁਜਾਰੀ ਲੋਕ, ਕਿਰਪਾਨਾਂ ਦੀ ਅਣਹੋਂਦ ਕਾਰਨ ਉਨ੍ਹਾਂ ਦੇ ਕਮਰ-ਕੱਸਿਆਂ ਵਿਚ ਕੁਹਾੜੀਆਂ ਤੇ ਦਾਤਰੀਆਂ ਉੜੰਗ ਕੇ ਅੰਮ੍ਰਿਤ ਛਕਾ ਦੇਂਦੇ। ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਣ ਦੇ ਥੋੜ੍ਹੇ ਸਮੇਂ ਲਈ ਕਛਹਿਰੇ ਕਿਰਾਏ ਪਰ ਦੇ ਕੇ ਅੰਮ੍ਰਿਤ ਛਕਾ ਕੇ ਮੁੜ ਉਤਰਵਾ ਲੈਂਦੇ। ਇਉਂ ਅੰਮ੍ਰਿਤ ਸਿੰਚਾਰ ਦੇ ਮਹਾਨ ਜਾਦੂ ਭਰੇ ਸੰਸਕਾਰ ਨੂੰ ਇਕ ਹਾਸੋ ਹੀਣੀ ਰਸਮ ਬਣਾ ਕੇ ਰਖ ਦਿਤਾ।

ਸਿੰਘ ਸਭਾ ਲਹਿਰ ਸ਼ੁਰੂ ਹੋਣ ਪਰ ਕਿੱਲ ਮਾਤਰ ਕਿਰਪਾਨ ਕੰਘੇ ਵਿਚ ਨਿਕਲੀ ਤੇ ਛੋਟੀਆਂ ਛੋਟੀਆਂ ਕਿਰਪਾਨਾਂ ਗਲ ਵਿਚ ਜਾਂ ਕੇਸਾਂ ਦੇ ਜੂੜੇ ਵਿਚ ਰਖਣ ਦਾ ਰਿਵਾਜ ਤੁਰਿਆ। ਵਿਰਲੇ ਸਿੰਘ ਗਾਤਰੇ ਵਾਲੀ ਕਿਰਪਾਨ ਵੀ ਪਹਿਨਣ ਲਗ ਪਏ। ਅਕਾਲੀ ਲਹਿਰ ਸ਼ੁਰੂ ਹੋਣ ਪਰ ਸੰਟ੍ਰਲ ਮਾਝਾ ਦੀਵਾਨ ਤੇ ਗੜਗੱਜ ਅਕਾਲੀ ਦੀਵਾਨ ਨੇ ਵੱਡੀਆਂ ਕਿਰਪਾਨਾਂ ਸਜਾਉਣੀਆਂ ਸ਼ੁਰੂ ਕੀਤੀਆਂ। ਅਕਾਲੀ ਲਹਿਰ ਦੇ ਪਰਮੁਖ ਨੇਤਾ ਸ: ਖੜਕ ਸਿੰਘ ਜੀ ਨੇ ਸਿਆਲਕੋਟ ਵਿਚ ਵੱਡੀਆਂ ਕਿਰਪਾਨਾਂ ਬਣਾਉਣ ਦਾ ਕਾਰਖਾਨਾ ਸ਼ੁਰੂ ਕੀਤਾ। ਲਹਿਰ ਦੇ ਵਧਣ ਨਾਲ ਅੰਮ੍ਰਿਤ ਪਰਚਾਰ ਤੇ ਕਿਰਪਾਨਾਂ ਪਹਿਨਣ ਵਿਚ ਵੀ ਵਾਧਾ ਹੁੰਦਾ ਗਿਆ।

ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕਿਆਂ ਉਪਰੰਤ ਪੰਥ ਨੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਰੋਸ ਤੇ ਸ਼ੋਕ ਮਨਾਉਣ ਲਈ ਕਾਲੇ ਦਸਤਾਰੇ ਸਜਾਉਣ ਦਾ ਫ਼ੈਸਲਾ ਕੀਤਾ। ਥਾਂ ਥਾਂ ਵੱਡੇ ਵੱਡੇ ਕੜਾਹੇ ਅੱਗ ਉਤੇ ਧਰੇ ਗਏ ਤੇ ਦਿਨਾਂ ਵਿਚ ਹੀ ਲੱਖਾਂ ਕਾਲੇ ਦਸਤਾਰੇ ਰੰਗੇ ਗਏ। ਇਥੋਂ ਤਕ ਕਿ ਅਮੀਰਾਂ ਤੇ ਰਈਸ ਸਿੰਘਾਂ ਵੀ ਕਾਲੇ ਬਾਣੇ ਪਹਿਨ ਲਏ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੇ ਵੀ ਕਾਲੇ ਕਪੜੇ ਪਾ ਲਏ। ਗੱਲ ਕੀ, ਜਿਥੇ ਜਿਥੇ ਵੀ ਕੋਈ ਸਿੰਘ ਰਹਿੰਦਾ ਸੀ, ਉਸ ਨੇ ਦਸਤਾਰਾ ਕਾਲਾ ਕਰ ਲਿਆ ਤੇ ਅਕਾਲੀ ਜਥਿਆਂ ਨੇ ਗਾਤਰੇ ਵਾਲੀਆਂ ਕਿਰਪਾਨਾਂ ਸਜਾ ਲਈਆਂ।

ਅਕਾਲੀ ਜਥੇਬੰਦੀ ਦੇ ਇਸ ਤੇਜ਼ੀ ਨਾਲ ਵਾਧੇ ਤੋਂ ਅੰਗਰੇਜ਼ ਸਰਕਾਰ ਭੈ ਭੀਤ ਹੋ ਗਈ। ਉਸ ਦੇ ਵਾਸਤੇ ਕਾਲੀ ਦਸਤਾਰ, ਕਿਰਪਾਨ ਤੇ ਖੁਲ੍ਹੇ ਦਾੜ੍ਹੇ ਹਊਆ ਭਾਸਣ ਲੱਗੇ। ਇਸ ਲਹਿਰ ਦਾ ਸਿਖ ਫ਼ੌਜਾਂ ਉਤੇ ਵੀ ਅਸਰ ਹੋਇਆ। ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਕਿਰਪਾਨਧਾਰੀਆਂ ਦੀ ਫੜੋ ਫੜੀ ਸ਼ੁਰੂ ਕੀਤੀ। ਅਨੇਕਾਂ ਗ੍ਰਿਫ਼ਤਾਰੀਆਂ ਹੋਈਆਂ, ਸਿੰਘਾਂ ਨੇ ਕੈਦਾਂ ਕੱਟੀਆਂ, ਭੁੱਖ ਹੜਤਾਲਾਂ ਕੀਤੀਆਂ। ਅੰਤ ਨੂੰ ਅੰਗਰੇਜ਼ਾਂ ਨੂੰ ਝੁਕਣਾ ਪਿਆ। ਕਿਰਪਾਨ ਉਤੇ ਲੱਗੀ ਪਾਬੰਦੀ ਖ਼ਤਮ ਹੋਈ, ਇਉਂ ਕਿਰਪਾਨ ਦੀ ਆਜ਼ਾਦੀ ਲਈ ਸ਼ੁਰੂ ਹੋਇਆ ਸੰਘਰਸ਼ ਖ਼ਤਮ ਹੋਇਆ।

ਫ਼ੌਜਾਂ ਵਿਚ ਨੌਕਰੀ ਕਰਨ ਵਾਲੇ ਜਿਨ੍ਹਾਂ ਸਿੰਘਾਂ ਨੇ ਆਪਣੇ ਧਾਰਮਕ ਚਿੰਨ੍ਹ ਦੇ ਤੌਰ ਤੇ ਕਿਰਪਾਨਾਂ ਪਹਿਨੀਆਂ, ਉਹ ਅੰਗਰੇਜ਼ਾਂ ਦੀ ਵਿਸ਼ੇਸ਼ ਕਰੋਪੀ ਦਾ ਸ਼ਿਕਾਰ ਹੋਏ। ਉਨ੍ਹਾਂ ਨੂੰ ਫ਼ੌਜੀ ਕਾਨੂੰਨ ਹੇਠ ਸਜ਼ਾਵਾਂ ਦਿਤੀਆਂ ਗਈਆਂ, ਕੈਦ ਕੀਤਾ ਗਿਆ, ਨਾਂ ਕੱਟ ਦਿਤੇ ਗਏ। ਕਈ ਸਿੰਘਾਂ ਨੇ ਲੰਮੀਆਂ ਭੁੱਖ ਹੜਤਾਲਾਂ ਵਿਚ ਆਪਣੇ ਸਰੀਰਾਂ ਦੀ ਅਹੂਤੀ ਦਿਤੀ। ਕਿਰਪਾਨ ਬਦਲੇ ਕਸ਼ਟ ਸਹਾਰਨ ਵਾਲੇ ਸਿੰਘਾਂ ਨੂੰ ਪੰਥ ਨੇ 'ਕਿਰਪਾਨ ਬਹਾਦਰ' ਦਾ ਖ਼ਿਤਾਬ ਦਿਤਾ ਜਿਵੇਂ ਕਿ ਸ: ਸੇਵਾ ਸਿੰਘ 'ਕਿਰਪਾਨ ਬਹਾਦਰ', ਸ: ਮੂਲ ਸਿੰਘ ਕਿਰਪਾਨ ਬਹਾਦਰ ਚਵਿੰਡਾ ਤੇ ਭਾਈ ਅਮਰ ਸਿੰਘ ਜੀ ਕਿਰਪਾਨ ਬਹਾਦਰ ਆਦਿ।

ਏਸੇ ਤਰ੍ਹਾਂ ਫ਼ੌਜਾਂ ਵਿਚ ਦਾੜ੍ਹਾ ਪਰਕਾਸ਼ ਕਰਨ ਵਾਲੇ, ਭਾਵ ਦਾੜ੍ਹਾ ਖੁਲ੍ਹਾ ਛੱਡਣ ਵਾਲੇ ਸਿੰਘਾਂ ਨੂੰ ਵੀ ਅਨੇਕਾਂ ਕਸ਼ਟ ਝੱਲਣੇ ਪਏ, ਪੰਥ ਨੇ ਉਨ੍ਹਾਂ ਸਿੰਘਾਂ ਨੂੰ 'ਦਾੜ੍ਹਾ ਬਹਾਦਰ' ਦਾ ਖ਼ਿਤਾਬ ਦਿਤਾ, ਜਿਵੇਂ ਭਾਈ ਬਚਿੱਤਰ ਸਿੰਘ 'ਦਾੜ੍ਹਾ ਬਹਾਦਰ' ਆਦਿ। ਬਦੇਸ਼ੀ ਅੰਗਰੇਜ਼ ਸਰਕਾਰ ਨੇ

www.AKJ.Org

ਤਾਂ ਸਿੰਘਾਂ ਦੀ ਦ੍ਰਿੜ੍ਹਤਾ ਤ ਕੁਰਬਾਨੀ ਅੱਗੇ ਗੋਡੇ ਟੇਕ ਦਿਤੇ, ਪਰ ਵਾਰੇ ਵਾਰੇ ਜਾਈਏ ਭਾਰਤ ਦੀ ਆਪਣੀ ਸਰਕਾਰ ਦੇ, ਜਿਸ ਨੇ ਸਿਖਾਂ ਦੇ ਧਾਰਮਕ ਮਾਮਲਿਆਂ ਵਿਚ ਸਿੰਗ ਅੜਾਉਣ ਦਾ ਕੋਈ ਮੌਕਾ ਹਥੋਂ ਨਹੀਂ ਜਾਣ ਦਿਤਾ।

ਕੇਸ ਜਿਥੇ ਪੁਰਾਤਨ ਰਿਸ਼ੀਆਂ ਮੁਨੀਆਂ ਦੀ ਆਤਮਕ ਉੱਚਤਾ ਤੇ ਅਦੁੱਤੀ ਸਦਾਚਾਰ ਦਾ ਚਿੰਨ੍ਹ ਹਨ, ਉਥੇ ਸਿੰਘਊ, ਬੀਰਤਾ ਤੇ ਰੱਬੀ ਰਜ਼ਾ ਮੰਨਣ ਦੇ ਭੀ ਲਖਾਇਕ ਹਨ। ਸਿੱਖਾਂ ਵਾਸਤੇ ਤਾਂ ਇਹ ਕੇਸ, ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਸ਼ ਮੰਨੀ ਜਾਣ ਕਰਕੇ ਆਪਣੀ ਜਾਨ ਨਾਲੋਂ ਵੀ ਪਿਆਰੇ ਹਨ। ਸਿੰਘ, ਸੂਰਬੀਰਾਂ ਦੀ ਕੌਮ ਹਨ, ਕੇਸ ਇਨ੍ਹਾਂ ਦੀ ਅਦੁੱਤੀ ਦ੍ਰਿੜਤਾ ਤੇ ਸਿਰ-ਵਾਰੂ ਵਫ਼ਾਦਾਰੀ ਦੇ ਸੂਚਕ ਹਨ। ਸਿੰਘਾਂ ਦੀ ਹਿੰਦੂ ਧਰਮ ਦੀ ਰਖਿਆ ਲਈ ਕੁਰਬਾਨੀ ਤੇ ਭਾਰਤ ਦੀ ਆਜ਼ਾਦੀ ਦੇ ਸ਼ੰਘਰਸ਼ ਵਿਚ ਇਕ ਬੇਮਿਸਾਲ ਦੇਣ ਹੈ। ਅੰਗਰੇਜ਼ ਤੋਂ ਪਹਿਲਾਂ ਖ਼ਾਲਸਾ ਪੰਥ ਦੀਆਂ ਫ਼ੌਜਾਂ, ਮੁਗਲਾਂ ਜਾਂ ਅੰਗਰੇਜ਼ਾਂ ਨਾਲ ਲੜਦਿਆਂ ਵੀ ਖੁਲ੍ਹੇ ਦਾੜ੍ਹੇ ਰਖਦੀਆਂ ਸਨ। ਮਹਾਰਾਜਾ ਰਣਜੀਤ ਸਿੰਘ, ਸ: ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸਿਖ ਦਰਬਾਰ ਦੇ ਮਾਤਹਿਤ ਯੂਰਪੀਨ ਜਰਨੈਲ ਸਾਰੇ ਖੁਲ੍ਹੇ ਦਾੜ੍ਹਿਆਂ ਨਾਲ ਜੰਗਾਂ ਲੜਦੇ ਰਹੇ।

ਅੰਗਰੇਜ਼ਾਂ ਨੇ ਸਿੱਖਾਂ ਦੇ ਕੇਸਾਂ ਦੀ ਅਹਿਮੀਅਤ ਨੂੰ ਭਾਂਪ ਲਿਆ ਸੀ, ਇਸ ਲਈ ਉਹ ਕਿਸੇ ਸਿਖ ਫੌਜੀ ਨੂੰ ਕੇਸਾਂ ਦੀ ਬੇਅਦਬੀ ਨਹੀਂ ਸਨ ਕਰਨ ਦੇਂਦੇ, ਸਗੋਂ ਹਰੇਕ ਸਿਖ ਫੌਜੀ ਨੂੰ ਅੰਮ੍ਰਿਤ ਛਕਾ ਕੇ ਆਪਣੇ ਧਰਮ ਵਿਚ ਪੱਕਾ ਤੇ ਦ੍ਰਿੜ੍ਹ ਰਖਦੇ ਸਨ। ਉਨ੍ਹਾਂ ਦਾ ਨਿਸਚਾ ਸੀ ਕਿ ਇਕ ਫ਼ੌਜੀ ਆਪਣੇ ਧਰਮ ਵਿਚ ਪੱਕਾ ਰਹਿ ਕੇ ਹੀ ਪੂਰਾ ਵਫ਼ਾਦਾਰ ਰਹਿ ਸਕਦਾ ਹੈ। ਫ਼ੌਜੀ ਜ਼ਬਤ ਵੀ ਇਸ ਗੱਲ ਦੀ ਮੰਗ ਕਰਦਾ ਹੈ।

ਅੰਗਰੇਜ਼ ਵੇਲੇ ਫੌਜਾਂ ਵਿਚ ਅੰਮ੍ਰਿਤ ਦੀ ਸਿੰਚਾਰ ਸ਼ਕਤੀ ਦਾ ਇਹ ਅਸਰ ਹੀ ਸੀ ਕਿ ਸਿਖ ਫ਼ੌਜੀ ਜਿਥੇ ਗੁਰਮੁਖ, ਨਾਮ ਅਭਿਆਸੀ, ਪੂਰਨ ਸਦਾਚਾਰੀ, ਸੁਲਝੇ ਹੋਏ ਨਾਗਰਿਕ, ਸਿਰਲੱਥ ਤੇ ਜੂਝ ਮਰਨ ਵਾਲੇ ਹੁੰਦੇ ਸਨ ਉਥੇ ਉਹ ਦੇਸ਼-ਭਗਤ ਤੇ ਏਕਤਾ ਦੇ ਪ੍ਰਚਾਰਕ ਪਹਿਲੇ ਦਰਜੇ ਦੇ ਹੁੰਦੇ ਸਨ, ਮਾਨੋ ਕਿ ਫੌਜੀ ਜੀਵਨ ਨੇਕ, ਈਮਾਨਦਾਰ ਤੇ ਦੇਸ਼ ਭਗਤਾਂ ਦੀ ਟਕਸਾਲ ਹੁੰਦੀ ਸੀ ਜਿਸ ਵਿਚੋਂ ਬਾਬਾ ਵੀਰ ਸਿੰਘ ਨੌਰੰਗਾਬਾਦੀ, ਭਾਈ ਮਹਾਰਾਜ ਸਿੰਘ, ਬਾਬਾ ਰਾਮ ਸਿੰਘ, ਬਾਬਾ ਵਸਾਖਾ ਸਿੰਘ, ਸੰਤ ਅਤਰ ਸਿੰਘ ਤੇ ਬਾਬਾ ਕਰਮ ਸਿੰਘ ਹੋਤੀ ਆਦਿ ਨਿਕਲੇ ਸਨ।

ਪਰ ਬੜੇ ਅਫ਼ਸੋਸ ਤੇ ਖੇਦ ਨਾਲ ਕਹਿਣਾ ਪੈਂਦਾ ਹੈ ਕਿ ਕਾਂਗਰਸ ਰਾਜ ਵਿਚ ਜਿਥੇ ਕੇਸਾਂ ਦੀ ਬੇਅਦਬੀ ਕਰਨ ਵਾਲੇ ਫੌਜੀਆਂ ਨੂੰ ਸਹੂਲਤਾਂ ਦੇ ਕੇ ਉਨ੍ਹਾਂ ਦੇ ਹੌਸਲੇ ਵਧਾਏ ਜਾਂਦੇ ਹਨ ਉਥੇ ਖੁਲ੍ਹਾ ਦਾੜ੍ਹਾ ਰਖਣ ਵਾਲਿਆਂ ਨੂੰ ਘੋਰ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ। ਇਕ ਸੂਤ੍ਰ ਅਨੁਸਾਰ ਸਮੁੰਦਰੀ ਸਿੱਖ ਫੌਜੀਆਂ ਨੂੰ ਖੁਲ੍ਹੇ ਦਾੜ੍ਹੇ ਰਖਣ ਕਾਰਨ ਫੌਜ ਵਿਚੋਂ ਕਢ ਦਿਤਾ ਗਿਆ ਹੈ। ਹਵਾਈ ਫੌਜ ਵਿਚੋਂ ਵੀ ਖੁਲ੍ਹਾ ਦਾੜ੍ਹਾ ਰਖਣ ਵਾਲੇ ਸਿੰਘਾਂ ਨੂੰ ਇਕ ਇਕ ਕਰਕੇ ਨੌਕਰੀਓਂ ਜਵਾਬ ਦਿਤਾ ਜਾ ਰਿਹਾ ਹੈ। ਇਹ ਸਿਖਾਂ ਨਾਲ ਘੋਰ ਅਨਿਆਇ ਵਾਲੀ ਗੱਲ ਹੈ। ਜਿਥੇ ਹੋਰ ਦੇਸਾਂ ਦੀਆਂ ਹਕੂਮਤਾਂ ਸਿਖ ਫੌਜੀਆਂ ਨੂੰ ਖੁਲ੍ਹੇ ਦਾੜ੍ਹੇ ਰਖਣ ਦੀ ਇਜਾਜ਼ਤ ਦੇ ਰਹੀਆਂ ਹਨ, ਉਥੇ ਭਾਰਤ ਦੀ ਲੋਕ-ਰਾਜੀ ਹਕੂਮਤ ਪੈਨਸ਼ਨ ਪ੍ਰਾਪਤੀ ਦੀ ਹੱਦ ਤਕ ਪੁੱਜੇ ਹੋਏ ਖੁਲ੍ਹੇ ਦਾੜ੍ਹੇ ਵਾਲੇ ਸਿਖਾਂ ਨੂੰ ਚੁਣ ਚੁਣ ਕੇ ਬੇਰੁਜ਼ਗਾਰ ਕਰ ਰਹੀ ਹੈ। ਅਜਿਹੀ ਘਾਤਕ ਪਾਲਸੀ ਦਾ ਸ਼ਿਕਾਰ ਹੋਏ ਕੁਝ ਸਿੰਘਾਂ ਦੇ ਨਾਂ ਦਿਤੇ ਜਾਂਦੇ ਹਨ :—

| | |
|---|---|
| ਸ: ਹਰਿਚਰਨ ਸਿੰਘ | ਨੌਕਰੀ ੧੭ ਸਾਲ |
| ਸ: ਹਰਿਪ੍ਰੀਤ ਸਿੰਘ | ,, ੧੭ ਸਾਲ |
| ਸ: ਰਣਜੀਤ ਸਿੰਘ | ,, ੨੧ ਸਾਲ |
| ਸ: ਐਚ. ਐਸ. ਗਰੇਵਾਲ | ,, ੧੦ ਸਾਲ |
| ਸ: ਸੰਤੋਖ ਸਿੰਘ | ,, ੧੨ ਸਾਲ |
| ਸ: ਜਸਵੰਤ ਸਿੰਘ | ਬਸੀ ਪਠਾਣਾਂ |
| ਸ: ਰਾਜਿੰਦਰ ਸਿੰਘ | ਢਡਿਆਲਾ |
| ਸ: ਐਮ. ਐਸ. ਗਿੱਲ | ਅਲਾਵਲ ਪੁਰ |
| ਸ: ਕੇਵਲ ਸਿੰਘ | ਅਲਾਵਲ ਪੁਰ |
| ਕਾਰਪੋਰਲ ਸੰਤੋਖ ਸਿੰਘ | ਨੌਕਰੀ ਸਾਢੇ ੧੪ ਸਾਲ |
| ਕਾਰਪੋਰਲ ਅਜੀਤ ਸਿੰਘ | ਯੂਨਿਟ ੧੦੭ H.U. |

www.AKJ.Org

ਕਾਰਪੋਰਲ ਹਰਪਾਲ ਸਿੰਘ ਨੌਕਰੀ ੧੧ ਸਾਲ
(ਜਵਾਬ ਦਿਤਾ ਜਾ ਰਿਹਾ ਹੈ)

ਦਾੜ੍ਹੀਆਂ ਖੁਲ੍ਹੀਆਂ ਰਖਣ ਵਾਲਿਆਂ ਸਿੰਘਾਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਕਢਿਆ ਜਾ ਰਿਹਾ ਹੈ ਤੇ ਪੈਨਸ਼ਨਾਂ ਦੇ ਹੱਕ ਖ਼ਤਮ ਕੀਤੇ ਜਾ ਰਹੇ ਹਨ, ਪਰ ਇਸ ਦੇ ਉਲਟ ਗ਼ੈਰ-ਸਿਖਾਂ ਤੇ ਕੋਈ ਪਾਬੰਧੀ ਨਹੀਂ ਹੈ, ਜਿਹਾ ਕਿ ਕਾਰਪੋਰਲ ਜ਼ੁਬਰ, ਯੂਨਟ ੩੨ ਵਿੰਗ, ਇਹ ਮੁਸਲਮਾਨ ਹੈ ਤੇ ਮੁਲਾਂ ਵਾਂਗ ਦਾੜ੍ਹੀ ਰਖਦਾ ਹੈ। ਇਸੇ ਤਰ੍ਹਾਂ ਕਾਰਪੋਰਲ ਖ਼ਾਨ ਨੰਬਰ ੧੧ A. F. ਹਸਪਤਾਲ ਹਿੰਦਨ ਮੁਲਾਂ ਵਾਂਗ ਦਾੜ੍ਹੀ ਰਖਦਾ ਹੈ। ਇਹ ਸਾਰੀਆਂ ਪਾਬੰਦੀਆਂ ਦਸਮੇਸ਼-ਦੁਲਾਰਿਆਂ ਲਈ ਹੀ ਹਨ, ਦੂਜਿਆਂ ਨੂੰ ਖੁਲ੍ਹੀ ਛੁੱਟੀ ਹੈ। ਕੀ ਅਸੀਂ ਭਾਰਤ ਵਿਚ ਰਹਿ ਰਹੇ ਹਾਂ ਜਾਂ ਪਾਕਿਸਤਾਨ ਵਿਚ ?

ਦੇਸ਼ ਦੀ ਵੰਡ ਸਮੇਂ ਸਿਖਾਂ ਦੀ ਫੌਜ ਵਿਚ ਗਿਣਤੀ ਪੈਂਤੀ ਚਾਲੀ ਫੀ ਸਦੀ ਸੀ। ਅੰਗਰੇਜ਼, ਸਿਖਾਂ ਜਿਹੀ ਬਹਾਦਰ, ਜੰਗਜੂ ਤੇ ਆਸਤਕ ਕੌਮ ਦਾ ਪਾਰਖੂ ਤੇ ਕਦਰਦਾਨ ਸੀ। ਸਿਖ ਫ਼ੌਜਾਂ ਦੀ ਬੀਰਤਾ ਦਾ ਸਦਕਾ ਉਹ ਦੋਹਾਂ ਸੰਸਾਰ-ਯੁੱਧਾਂ ਵਿਚ ਜੇਤੂ ਹੋ ਕੇ ਨਿਕਲਿਆ। ਉਸ ਨੇ ਫੌਜ ਵਿਚ ਸਿਖਾਂ ਦੀ ਗਿਣਤੀ ਘਟਣ ਨਹੀਂ ਦਿਤੀ, ਪਰ ਸੁਤੰਤਰ ਭਾਰਤ ਦੀ ਸਰਕਾਰ ਦੀ ਨੀਤੀ ਇਸ ਦੇ ਉਲਟ ਜਾਪਦੀ ਹੈ। ਫੌਜਾਂ ਵਿਚੋਂ ਸਿਖਾਂ ਦੀ ਗਿਣਤੀ ਘਟਾਈ ਜਾ ਰਹੀ ਹੈ। ਆਪਣੇ ਧਰਮ ਕਰਮ ਤੇ ਵਫ਼ਾਦਾਰੀ ਵਿਚ ਪਰਪੱਕ ਸਿੱਖਾਂ ਨੂੰ ਕਿਸੇ ਨਾ ਕਿਸੇ ਬਹਾਨੇ ਕਢਿਆ ਜਾ ਰਿਹਾ ਹੈ। ਉਨ੍ਹਾਂ ਦੇ ਕੇਸਾਂ ਦਾੜ੍ਹਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ। ਸਿੰਘਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਜਿਹੇ ਲਾਸਾਨੀ ਨੇਤਾ ਦੀ ਸਿਪਿਰਟ ਕੰਮ ਕਰ ਰਹੀ ਹੈ। ਸਾਡੇ ਅਜੋਕੇ ਨੇਤਾ ਮਾਰਸ਼ਲ ਤੇ ਗ਼ੈਰ-ਮਾਰਸ਼ਲ ਦੀ ਤਮੀਜ਼ ਹਟਾਉਣੀ ਚਾਹੁੰਦੇ ਹਨ। ਉਹ ਇਹ ਨਹੀਂ ਵੇਖਦੇ ਕਿ ਭਾਰਤ ਦੁਸ਼ਮਨਾਂ ਨਾਲ ਘਿਰਿਆ ਹੋਇਆ ਹੈ। ਪਿਛਲੇ ੨੮ ਸਾਲਾਂ ਵਿਚ ਭਾਰਤ ਨੂੰ ਚਾਰ ਵਾਰ ਗੁਆਂਢੀ ਦੇਸਾਂ ਨਾਲ ਜੰਗ ਲੜਨੇ ਪਏ ਹਨ, ਜਿਨ੍ਹਾਂ ਦੀ ਜਿੱਤ ਦਾ ਸੇਹਰਾ ਸਿਖਾਂ ਤੇ ਹੋਰ ਮਾਰਸ਼ਲ ਕੌਮਾਂ ਦੇ ਸਿਰ ਹੈ। ਸਿਖਾਂ ਦਾ ਜਨਮ ਤਲਵਾਰ ਦੀ ਧਾਰ ਵਿਚੋਂ ਹੋਇਆ ਹੈ। ਇਨ੍ਹਾਂ ਨੂੰ ਦੇਸ਼ ਦੀ ਗਿਣਤੀ ਦੀ ਨਿਸਬਤ ਨਾਲ ਤੋਲਣਾ ਸਿਖ ਕੌਮ ਤੇ ਦੇਸ਼ ਦੀ ਰਖਿਆ ਦੇ ਹਿਤ ਵਿਚ ਕਦਾਚਿਤ ਨਹੀਂ ਹੋ ਸਕਦਾ।

ਜੇ ਭਾਰਤ ਸਰਕਾਰ, ਸਿਖ ਫੌਜੀਆਂ ਨਾਲ ਅਜਿਹਾ ਵਿਤਕਰੇ ਭਰਿਆ ਸਲੂਕ ਕਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦ ਭਾਰਤ ਦੀ ਇਸ ਖੜਗ-ਭੁਜਾ ਕੌਮ ਨੂੰ ਕਮਜ਼ੋਰ ਹੋਈ ਵੇਖ ਕੇ ਗੁਆਂਢੀ ਦੇਸ ਇਸ ਦੀ ਏਕਤਾ ਤੇ ਸੁਤੰਤਰਤਾ ਨੂੰ ਖ਼ਤਰੇ ਵਿਚ ਪਾ ਸਕਦੇ ਹਨ। ਚੰਗਾ ਹੋਵੇ ਜੇ ਭਾਰਤ ਸਰਕਾਰ ਦਾ ਫੌਜ-ਵਿਭਾਗ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣ ਵਾਲੇ ਸਿਖਾਂ ਨੂੰ ਆਪਣੇ ਧਰਮ ਕਰਮ ਵਿਚ ਹੋਰ ਪੱਕੇ ਰਹਿਣ ਦੀਆਂ ਸਹੂਲਤਾਂ ਮੁਹੱਈਆ ਕਰੇ ਤੇ ਜਿਨ੍ਹਾਂ ਰਹਿਤਵਾਨ ਸਿੰਘਾਂ ਤੇ ਖੁਲ੍ਹੇ ਦਾੜ੍ਹੇ ਰਖਣ ਵਾਲਿਆਂ ਨੂੰ ਨੌਕਰੀਆਂ ਤੋਂ ਜੁਆਬ ਦਿਤਾ ਗਿਆ ਹੈ ਉਨ੍ਹਾਂ ਨੂੰ ਮੁੜ ਬਹਾਲ ਕਰ ਕੇ ਇਨਸਾਫ਼ ਦੀ ਸ਼ਾਖ ਕਾਇਮ ਕੀਤੀ ਜਾਵੇ।

## ਮਨਮਤ ਤਿਆਗੋ ਤੇ ਗੁਰਮਤਿ ਅਪਣਾਓ

੧. ਵਿਆਹ ਸਮੇਂ ਜੈ-ਮਾਲਾ ਪਾਉਣੀ ਮਨਮਤ ਹੈ। ਗੁਰਸਿਖ ਅਜਿਹੇ ਵਿਆਹਾਂ ਵਿਚ ਸ਼ਾਮਲ ਨਾ ਹੋਣ।
੨. ਵਿਆਹਾਂ ਸਮੇਂ ਭੰਗੜੇ ਪਾਉਣੇ ਅਤੇ ਸ਼ਰਾਬ-ਕਬਾਬ ਵਰਤਣੇ ਗੁਰਮਤਿ ਤੋਂ ਉਲਟ ਹੈ।
੩. ਸਰੀਰ ਦੇ ਸਾਰੇ ਰੋਮ ਕੇਸ ਹਨ ਅਤੇ ਕੇਸਾਂ ਨੂੰ ਕਟਣਾ ਜਾਂ ਲਾਹੁਣਾ ਪਤਿਤ ਕਰਮ ਹੈ।
੪. ਦਾੜ੍ਹੇ ਤੇ ਸੀਸ ਦੇ ਕੇਸ ਰੰਗਣੇ ਮਨਮਤ ਹੈ।
੫. ਪੂਰਨਮਾਸ਼ੀ ਆਦਿ ਕਿਸੇ ਤਰ੍ਹਾਂ ਦੇ ਵਰਤ ਰਖਣ ਦੀ ਗੁਰਮਤਿ ਆਗਿਆ ਨਹੀਂ ਦਿੰਦੀ।
੬. ਜੋਤਾਂ ਆਦਿ ਜਗਾ ਕੇ ਆਰਤੀ ਕਰਨੀ ਗੁਰ-ਹੁਕਮਾਂ ਦੀ ਉਲੰਘਣਾ ਕਰਨੀ ਹੈ।
੭. ਬੱਚਿਆਂ ਨੂੰ ਛੋਟੀ ਉਮਰੇ ਦਸਤਾਰੇ ਸਜਾਉਣ, ਰਹਿਤ ਰਖਣ ਅਤੇ ਗੁਰਬਾਣੀ ਪੜ੍ਹਾਉਣ ਦੀ ਆਦਤ ਪਾਓ।
੮. ਵਿਆਹ ਦੇ ਕਾਰਡਾਂ ਤੇ ਬੱਚਿਆਂ ਦੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਜ਼ਰੂਰ ਲਿਖੋ, ਨਹੀਂ ਤਾਂ ਇਹ ਮਨਮਤ ਹੈ।

www.AKJ.Org

# ਰਾਣੀ ਖੋਖਰਾਂ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ]

ਸਿਖ ਇਤਿਹਾਸ ਵਿਚ ਰਾਇ ਬੁਲਾਰ ਇਕ ਚਮਕਦਾ ਸਿਤਾਰਾ ਹੈ। ਬੇਬੇ ਨਾਨਕੀ ਜੀ ਤੋਂ ਬਾਅਦ, ਦੂਜੇ ਨੰਬਰ ਤੇ ਜਿਸ ਵਿਅਕਤੀ ਨੇ ਗੁਰੂ ਨਾਨਕ ਸਾਹਿਬ ਜੀ ਦਾ 'ਸਿਖ' ਬਣਨ ਦਾ ਮਾਣ ਪਰਾਪਤ ਕੀਤਾ ਅਤੇ ਕਮਾਲ ਦਾ ਸਿਦਕ ਪਾਲਿਆ, ਉਹ ਰਾਇ ਬੁਲਾਰ ਸੀ। ਤਲਵੰਡੀ ਦਾ ਹਾਕਮ ਹੁੰਦੇ ਹੋਏ, ਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਕਰਨ ਵਿਚ ਉਸ ਨੇ ਉਹ ਘਾਲ ਘਾਲੀ, ਜੋ ਅੱਜ ਵੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਲਿਖੀ ਹੋਈ ਹੈ। ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਤੋਂ ਉਹ ਸਦਾ ਵਾਰੇ ਵਾਰੇ ਜਾਂਦਾ ਸੀ।

ਰਾਇ ਬੁਲਾਰ ਦੀ ਬੇਗਮ ਸੀ ਰਾਣੀ ਖੋਖਰਾਂ। ਆਪਣੇ ਖ਼ਾਵੰਦ ਨਾਲੋਂ ਉਹ ਕਿਸੇ ਗਲੋਂ ਵੀ ਘਟ ਨਹੀਂ ਸੀ। ਗੁਰੂ ਨਾਨਕ ਸ਼ਾਹਿਬ ਜੀ ਦੀ ਸੇਵਾ ਕਰਨ ਵਿਚ ਸਦਾ ਤਤਪਰ ਰਹਿੰਦੀ ਸੀ। ਗੁਰੂ ਨਾਨਕ ਸਾਹਿਬ ਜੀ ਅਕਸਰ ਰਾਇ ਬੁਲਾਰ ਦੇ ਘਰ ਆਇਆ ਕਰਦੇ ਸਨ। ਰਾਣੀ ਖੋਖਰਾਂ ਨੇ ਵੀ ਉਨ੍ਹਾਂ ਦੇ ਦਰਸ਼ਨ ਕਰਨੇ। ਇਹ ਦਰਸ਼ਨ ਕੀ ਹੁੰਦੇ ਸਨ ?

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ ॥
[ਸਲੋਕ ਮਹਲਾ ੫

ਆਪਣੇ ਖ਼ਾਵੰਦ ਦੀ ਤਰ੍ਹਾਂ ਰਾਣੀ ਖੋਖਰਾਂ ਨੂੰ ਗੁਰੂ ਸਾਹਿਬ ਤੇ ਅਜਿਹਾ ਕਾਮਲ ਯਕੀਨ ਬਝ ਗਿਆ ਸੀ, ਜਿਸ ਦਾ ਕੋਈ ਹੱਦ-ਬੰਨਾ ਨਹੀਂ ਸੀ। ਉਹ ਗੁਰੂ ਸਾਹਿਬ ਜੀ ਨੂੰ ਭਵ-ਸਾਗਰ ਤੋਂ ਪਾਰ ਕਰਨ ਵਾਲਾ ਸਭ ਤੋਂ ਵੱਡਾ ਮਲਾਹ ਸਮਝਦੀ ਸੀ। ਉਹ ਆਤਮਕ ਰੰਗ ਵਿਚ ਰੰਗੀ ਗਈ ਸੀ। ਗੁਰੂ ਸਾਹਿਬ ਜੀ ਨੂੰ ਕਈ ਵਾਰੀ ਆਪਣੇ ਹੱਥਾਂ ਨਾਲ ਤਿਆਰ ਕੀਤਾ ਹੋਇਆ ਭੋਜਨ ਛਕਾਉਣਾ* । ਭੋਜਨ ਛਕਾ ਕੇ ਉਸ ਨੂੰ ਉਹ ਖ਼ੁਸ਼ੀ ਨਸੀਬ ਹੁੰਦੀ ਸੀ, ਜੋ ਕਥਨ ਤੋਂ ਬਾਹਰ ਹੈ। ਡਾਕਟਰ ਤਿਲੋਚਨ ਸਿੰਘ ਜੀ ਲਿਖਦੇ ਹਨ, "ਗੁਰੂ ਸਾਹਿਬ ਨੂੰ ਉਸ ਭੋਜਨ ਵਿਚੋਂ ਅੰਮ੍ਰਿਤ ਵਰਗਾ ਸਵਾਦ ਆਉਂਦਾ ਸੀ ਅਤੇ ਉਹ, ਉਸ ਨੂੰ ਸਭ ਬ੍ਰਹਮ ਭੋਜਨਾਂ ਨਾਲੋਂ ਸਰੇਸ਼ਟ ਕਹਿੰਦੇ ਸਨ।"

[ਜੀਵਨ ਚਰਿਤ੍ਰ ਗੁਰੂ ਨਾਨਕ ਦੇਵ, ਪੰਨਾ ੧੨੧

ਡਾਕਟਰ ਤ੍ਰਿਲੋਚਨ ਸਿੰਘ ਜੀ ਦੇ ਲਫ਼ਜ਼ਾਂ ਅਨੁਸਾਰ ਰਾਣੀ ਖੋਖਰਾਂ ਦੇ ਹਥੋਂ ਛਕਿਆ ਹੋਇਆ ਭੋਜਨ ਕਿਤਨਾ ਮਹਾਨਤਾ ਭਰਪੂਰ ਸੀ ?

ਹੁਣ ਅਸੀਂ ਰਾਣੀ ਖੋਖਰਾਂ ਜੀ ਦੇ ਜੀਵਨ ਵਿਚੋਂ ਦੋ ਮਿਸਾਲਾਂ ਦਿੰਦੇ ਹਾਂ, ਜਿਨ੍ਹਾਂ ਵਿਚੋਂ ਆਪ ਦਾ ਸਿੱਖੀ-ਸਿਦਕ ਚੋ ਚੋ ਪੈਂਦਾ ਹੈ।

੧. ਸੱਚੇ ਸੌਦੇ ਸਮੇਂ ਜਦੋਂ ਪਿਤਾ, ਬਾਬਾ ਕਾਲੂ ਚੰਦ ਜੀ, ਗੁਰੂ ਨਾਨਕ ਦੇਵ ਜੀ ਤੇ ਗੁਸੇ ਹੋਏ ਸਨ ਤਾਂ ਰਾਇ ਬੁਲਾਰ ਨੇ ਉਨ੍ਹਾਂ ਨੂੰ ਸਦ ਕੇ ਕਿਹਾ ਸੀ—'ਤੂੰ ੨੦ ਰੁਪਇਆਂ ਬਦਲੇ ਇਨ੍ਹਾਂ ਨੂੰ ਚਪੇੜਾਂ ਮਾਰੀਆਂ ਹਨ, ਇਹ ਤੂੰ ਠੀਕ ਨਹੀਂ ਕੀਤਾ। ਯਾਦ ਰਖ ! ਇਹ ਜਗਤੋਂ ਪਾਰ ਦਾ ਹੈ, ਇਥੋਂ ਦਾ ਨਹੀਂ। ਜਗਤ ਇਸ ਦੇ ਨਾਂ ਤੋਂ ਲੱਖਾਂ ਰੁਪਏ ਸਦਕੇ ਵਾਰਿਆ ਕਰੇਗਾ।'

ਬਾਬਾ ਕਾਲੂ ਚੰਦ ਜੀ, ਰਾਇ ਬੁਲਾਰ ਦੀ ਗੱਲ ਸੁਣ ਕੇ ਚੁਪ ਹੋ ਗਏ ਸਨ। ਕੋਈ ਜਵਾਬ ਨਹੀਂ ਸੀ

---

*ਰਾਇ ਬੁਲਾਰ ਅਤੇ ਰਾਣੀ ਖੋਖਰਾਂ ਜੀ ਚਾਹੇ ਮੁਸਲਮਾਨ ਸਨ ਪਰ ਗੁਰੂ ਨਾਨਕ ਦੇਵ ਜੀ ਦੀ ਸੰਗਤ ਹੋਣ ਕਰਕੇ ਪੂਰੀ ਤਰ੍ਹਾਂ ਸ਼ਿੱਖੀ-ਦਾਇਰੇ ਵਿਚ ਆ ਚੁਕੇ ਸਨ ਅਤੇ ਸਿਦਕੀ-ਭੌਰੇ ਬਣ ਚੁਕੇ ਸਨ। ਗੁਰੂ ਨਾਨਕ ਦੇਵ ਜੀ (ਜਾਂ ਦਸ ਗੁਰੂ) ਉਸ ਹਰ ਕਿਸੇ ਇਨਸਾਨ ਪਾਸੋਂ ਭੋਜਨ ਛਕ ਸਕਦੇ ਸਨ ਜੋ ਆਪਣਾ ਮਜ਼ਹਬੀ ਖ਼ਿਆਲ ਛਡ ਕੇ ਸਤਿ ਮਾਰਗ ਦਾ ਪਾਂਧੀ ਬਣ ਜਾਵੇ। ਇਹ ਇਕ ਗ਼ਲਤ-ਬਿਆਨੀ ਹੈ ਕਿ ਗੁਰੂ ਸਾਹਿਬ ਜੀ ਰਾਇ ਬੁਲਾਰ, ਨਵਾਬ ਦੌਲਤ ਖ਼ਾਨ, ਹਜ਼ਰਤ ਮੀਆਂ ਮੀਰ ਅਤੇ ਪੀਰ ਬੁਧੂ ਸ਼ਾਹ ਆਦਿ ਮੁਸਲਮਾਨਾਂ ਦੇ ਹਥੋਂ ਕੁਝ ਵੀ ਅੰਗੀਕਾਰ ਨਹੀਂ ਸਨ ਕੀਤਾ ਕਰਦੇ। ਜੋ ਇਨਸਾਨ ਸਿੱਖੀ-ਦਾਇਰੇ ਵਿਚ ਆ ਜਾਏ, ਉਹ ਫਿਰ ਮੁਸਲਮਾਨ ਕਾਹਦਾ ? ਭਾਈ ਗੁਰਦਾਸ ਜੀ ਨੇ ਤਾਂ ਨਵਾਬ ਦੌਲਤ ਖ਼ਾਨ ਨੂੰ ਸਾਫ਼ ਤੌਰ ਤੇ ਸਿੱਖ-ਸ਼੍ਰੇਣੀ ਵਿਚ ਗਿਣਿਆ ਹੈ। ਲਿਖਦੇ ਹਨ—

ਦਉਲਤ ਖਾਂ ਲੋਦੀ ਭਲਾ ਹੋਆ,
ਜਿੰਦ ਪੀਰ ਅਬਿਨਾਸੀ।
[ਵਾਰ ੧੧, ਪਉੜੀ ੧੩

www.AKJ.Org

ਦਿਤਾ ਗਿਆ।

ਭਾਈ ਬਾਲੇ ਵਾਲੀ ਜਨਮਸਾਖੀ ਵਿਚ ਲਿਖਿਆ ਹੈ ਕਿ ਰਾਇ ਬੁਲਾਰ ਨੇ ਆਪਣੀ ਰਾਣੀ ਖੋਖਰਾਂ ਪਾਸੋਂ ੨੦ ਰੁਪਏ ਬਾਬਾ ਕਾਲੂ ਚੰਦ ਜੀ ਨੂੰ ਦਿਵਾਏ, ਜੋ ਬਾਬਾ ਕਾਲੂ ਚੰਦ ਜੀ ਲੈਂਦੇ ਤਾਂ ਨਹੀਂ ਸਨ ਪਰ ਜ਼ਬਰਦਸਤੀ ਲੈਣੇ ਪਏ। [ਪੰਨਾ ੩੮

ਉਸ ਸਮੇਂ ਦੇ ੨੦ ਰੁਪਏ ਅੱਜ ਦੇ ਸਮੇਂ ਦੇ ਮੁਕਾਬਲੇ ੨੦ ਹਜ਼ਾਰ ਤੋਂ ਵੀ ਜ਼ਿਆਦਾ ਕੀਮਤ ਰਖਦੇ ਸਨ। ਰਾਣੀ ਖੋਖਰਾਂ ਜੀ ਦੇ ਹਿਰਦੇ ਵਿਚ ਗੁਰੂ ਸਾਹਿਬ ਲਈ ਪਿਆਰ, ਜੋ ਡੁਲ੍ਹ ਡੁਲ੍ਹ ਪੈਂਦਾ ਸੀ ਅਤੇ ਮਹਾਨ ਸਿਦਕ ਸੀ, ਉਸ ਨੇ ਆਪਣੇ ਖ਼ਾਵੰਦ ਦੀ ਆਗਿਆ ਨੂੰ ਸਿਰ ਮਥੇ ਤੇ ਮੰਨਿਆ ਅਤੇ ੨੦ ਰੁਪਏ ਲਿਆ ਦਿਤੇ। ਉਸ ਨੇ ਆਪਣੇ ਖ਼ਾਵੰਦ ਨੂੰ ਕੋਈ ਅਜਿਹੀ ਸਲਾਹ ਨਹੀਂ ਸੀ ਦਿਤੀ, ਜਿਸ ਨਾਲ ਰੁਪਇਆਂ ਦੀ ਕੋਈ ਬਚਤ ਹੋਏ।

੨. ਗੁਰੂ ਨਾਨਕ ਦੇਵ ਜੀ ਜਦੋਂ ਐਮਨਾਬਾਦ, ਭਾਈ ਲਾਲੋ ਜੀ ਪਾਸੋਂ ਹੁੰਦੇ ਹੋਏ ਤਲਵੰਡੀ ਆਏ ਸਨ ਅਤੇ ਮਾਤਾ ਪਿਤਾ ਪਾਸ ਠਹਿਰੇ ਸਨ ਤਾਂ ਰਾਇ ਬੁਲਾਰ ਅਤੇ ਰਾਣੀ ਖੋਖਰਾਂ ਜੀ ਨੂੰ ਵੀ ਮਿਲਣ ਲਈ ਉਨ੍ਹਾਂ ਦੇ ਘਰ ਗਏ ਸਨ। ਦੋਹਾਂ ਜੀਆਂ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਸੀ—'ਦਾਤਾ ਜੀਉ! ਰਾਤ ਇਥੇ ਹੀ ਬਿਸਰਾਮ ਕਰੋ, ਸਾਡਾ ਘਰ ਪਵਿੱਤਰ ਹੋ ਜਾਏਗਾ। ਤੁਹਾਡੀ ਸੇਵਾ ਕਰਨ ਨੂੰ ਬਹੁਤ ਦਿਲ ਕਰਦਾ ਹੈ।'

ਗੁਰੂ ਸਾਹਿਬ ਉਨ੍ਹਾਂ ਦੋਹਾਂ ਜੀਆਂ ਦਾ ਆਖਾ ਮੋੜ ਨ ਸਕੇ। ਰਾਤ ਉਥੇ ਹੀ ਟਿਕ ਗਏ। ਅੰਮ੍ਰਿਤ ਵੇਲੇ ਉਠੇ। ਬਾਹਰ ਕੋਈ ਸਰੋਵਰ ਨ ਹੋਣ ਕਰਕੇ ਘਰ ਵਿਚ ਹੀ ਇਕ ਛੋਟੀ ਜਿਹੀ ਖੂਹੀ ਤੇ ਇਸ਼ਨਾਨ ਕਰਨਾ ਪਿਆ। ਦੋਹਾਂ ਜੀਆਂ ਨੇ ਸੋਚਿਆ—'ਕੀ ਗੁਰੂ ਸਾਹਿਬ ਦੇ ਇਸ਼ਨਾਨ ਕਰਨ ਲਈ ਇਥੇ ਕੋਈ ਸਰੋਵਰ ਨਹੀਂ? ਤਲਵੰਡੀ ਵਿਚ ਜ਼ਰੂਰ ਕੋਈ ਸਰੋਵਰ ਹੋਣਾ ਚਾਹੀਦਾ ਹੈ ਤਾਕਿ ਗੁਰੂ ਸਾਹਿਬ ਜਦੋਂ ਵੀ ਇਥੇ ਆਉਣ, ਉਨ੍ਹਾਂ ਨੂੰ ਇਸ਼ਨਾਨ ਖੁਣੋਂ ਕੋਈ ਤੰਗੀ ਨ ਹੋਏ। ਗੁਰੂ ਸਾਹਿਬ ਦੀ ਸੇਵਾ ਕਰਨ ਦਾ ਇਸ ਤੋਂ ਵਧ ਸੁਨਹਿਰੀ ਮੌਕਾ ਹੋਰ ਕੀ ਹੱਥ ਲਗੇਗਾ?'

ਗੁਰੂ ਸਾਹਿਬ ਜੀ ਤਾਂ ਦੋਹਾਂ ਜੀਆਂ ਨੂੰ ਸ਼ੁਭ ਅਸੀਸਾਂ ਦਿੰਦੇ ਹੋਏ, ਵਾਪਸ ਮਾਤਾ ਪਿਤਾ ਪਾਸ ਆ ਗਏ, ਪਿਛੋਂ ਰਾਇ ਬੁਲਾਰ ਨੇ (ਤਲਵੰਡੀ ਵਿਚ) ਸਰੋਵਰ ਤਿਆਰ ਕਰਵਾਉਣਾ ਸ਼ੁਰੂ ਕਰ ਦਿਤਾ ਅਤੇ ਫਿਰ ਕੁਝ ਸਮੇਂ ਬਾਅਦ ਬੜਾ ਸੁੰਦਰ ਸਰੋਵਰ* ਤਿਆਰ ਹੋ ਗਿਆ। ਗੁਰੂ ਸਾਹਿਬ ਤਾਂ ਦੂਰ ਦੁਰੇਡੇ ਰੱਬੀ-ਰੰਗਾਂ ਵਿਚ ਵਿਚਰਦੇ ਹੋਏ ਚਲੇ ਗਏ ਸਨ ਅਤੇ ਹੁਣ ਜਦੋਂ ਵੀ ਕਦੇ ਤਲਵੰਡੀ ਵਿਚ ਫੇਰਾ ਪੈਂਦਾ ਸੀ ਤਾਂ ਇਸ ਸਰੋਵਰ ਵਿਚ ਜ਼ਰੂਰ ਇਸ਼ਨਾਨ ਕਰਦੇ ਸਨ। ਉਨ੍ਹਾਂ ਦੋਹਾਂ ਜੀਆਂ ਤੇ ਗੁਰੂ ਸਾਹਿਬ ਦੀਆਂ ਬੇਅੰਤ ਮਿਹਰਾਂ ਉਮਡ ਪਈਆਂ ਸਨ ਅਤੇ ਮੁਖੋਂ 'ਧੰਨਤਾ' ਦੇ ਸ਼ਬਦ ਨਿਕਲਦੇ ਸਨ।

ਰਾਣੀ ਖੋਖਰਾਂ ਜਿਤਨਾ ਚਿਰ ਜੀਉਂਦੀ ਰਹੀ, ਗੁਰਮੁਖਾਂ ਵਾਲਾ ਜੀਵਨ ਜੀਵਿਆ। ਮਹਾਨ ਸੰਤਾਂ ਵਾਲੀ ਪਦਵੀ ਮਿਲੀ ਹੋਈ ਸੀ ਉਸ ਨੂੰ। ਅੰਤ ਵਾਹਿਗੁਰੂ ਦੀ ਦਰਗਾਹ ਜਾ ਮਲੀ। ਭਾਈ ਗੁਰਦਾਸ ਜੀ ਠੀਕ ਹੀ ਕਹਿੰਦੇ ਹਨ:—

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜ ਮਲਿਆ।
[ਵਾਰ ੧੯, ਪਉੜੀ ੧੪

*ਮਹਾਨ ਕੋਸ਼ ਦੇ ਕਰਤਾ ਨੇ ਇਸ ਸਰੋਵਰ ਦਾ ਨਾਂ ਨਾਨਕਸਰ ਲਿਖਿਆ ਹੈ।


# ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਸਮਾਗਮ

## ੧੩ ਤੋਂ ੧੬ ਅਗਸਤ ੧੯੭੫ ਨੂੰ ਹੋ ਰਹੇ ਹਨ

ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਦਿਤੇ ਜਾਣਗੇ।


www.AKJ.Org

# ਡਾਕਟਰ ਤੇ ਲੋਕ-ਸੇਵਾ

[ਵਲੋਂ—ਡੀ. ਐਸ. ਲਾਇਲਪੁਰੀ]

"ਰੂਸ ਦੇ ਹਸਪਤਾਲਾਂ ਵਿਚ ਹਰ ਡਾਕਟਰ ਰੋਗੀ ਦੀ ਮਦਦ ਲਈ ਹਰ ਸਮੇਂ ਤਤਪਰ ਰਹਿੰਦਾ ਹੈ। ਉਹ ਇਸ ਨੂੰ ਆਪਣਾ ਜਨਤਕ ਤੇ ਪੇਸ਼ਾਵਰ ਫਰਜ਼ ਸਮਝਦਾ ਹੈ। ਇਸੇ ਕਾਰਨ ਕੋਈ ਡਾਕਟਰ ਆਪਣੇ ਕੰਮ ਨੂੰ, ਜਿਸ ਵਿਚ ਅਪਰੇਸ਼ਨ ਕਰਨਾ ਭੀ ਸ਼ਾਮਲ ਹੈ, ਪੈਸੇ ਦੀ ਦ੍ਰਿਸ਼ਟੀ ਤੋਂ ਨਹੀਂ ਵੇਖਦਾ। ਮਰੀਜ਼ ਆਪਣੇ ਇਲਾਜ ਬਦਲੇ ਡਾਕਟਰ ਨੂੰ ਕੁਝ ਨਹੀਂ ਦਿੰਦਾ। ਡਾਕਟਰ ਅਤੇ ਰੋਗੀ ਵਿਚਕਾਰ ਕੋਈ ਸੌਦੇਬਾਜ਼ੀ ਨਹੀਂ ਹੁੰਦੀ। ਰੋਗੀ ਦਾ ਪਤਾ, ਉਸ ਦਾ ਕਿੱਤਾ ਪੁਛਿਆ ਜਾਂਦਾ ਹੈ ਕੇਵਲ ਜਾਣਕਾਰੀ-ਰਜਿਸਟਰ ਦੇ ਖਾਨੇ ਭਰਨ ਲਈ। ਰੋਗੀ ਦੀ ਸੰਪਤੀ ਉਸ ਦੀ ਸਮਾਜੀ ਤੇ ਮਾਲੀ ਜਾਂ ਰਾਜਨੀਤਕ ਸਥਿਤੀ ਦਾ ਕੋਈ ਖ਼ਿਆਲ ਕੀਤੇ ਬਿਨਾਂ ਇਲਾਜ ਕੀਤਾ ਜਾਂਦਾ ਹੈ। ਰੂਸ ਦੇ ਹਸਪਤਾਲਾਂ ਵਿਚ, ਦੁਨੀਆਂ ਭਰ ਦੇ ਡਾਕਟਰਾਂ ਦਾ ਇਕ-ਚੌਥਾਈ ਹਿੱਸਾ ਡਾਕਟਰ ਕੰਮ ਕਰ ਰਹੇ ਹਨ।"

ਇਹ ਹਨ ਪਰਭਾਵ ਜੋ ਇਕ ਭਾਰਤੀ ਨੇ ਰੂਸ ਦੇ ਹਸਪਤਾਲ, ਉਥੋਂ ਦੇ ਡਾਕਟਰਾਂ ਦੇ ਵਤੀਰੇ, ਰੋਗੀ ਦੀ ਪੁਛ ਪਰਤੀਤ, ਦੇਖ ਭਾਲ ਅਤੇ ਬਿਨਾਂ ਕਿਸੇ ਵਿਤਕਰੇ, ਸਿਫ਼ਾਰਸ਼ ਤੇ ਰਿਸ਼ਵਤ ਦੇ ਇਲਾਜ ਲਈ ਵਧ ਤੋਂ ਵਧ ਸਹੂਲਤਾਂ ਦੇਣ ਦੇ ਢੰਗ ਦਾ ਅਧਿਐਨ ਕਰਕੇ, ਭਾਰਤੀ ਹਸਪਤਾਲਾਂ ਵਿਚ, ਸ਼ਹਿਰਾਂ, ਨਗਰਾਂ ਅਤੇ ਪਿੰਡਾਂ ਵਿਚ ਸਰਕਾਰੀ ਨਿਜੀ ਪ੍ਰੈਕਟਿਸ ਕਰ ਰਹੇ ਡਾਕਟਰਾਂ ਦੇ ਬੋਲ ਚਾਲ, ਮਰੀਜ਼ਾਂ ਨਾਲ ਔਖੇ ਹੋ ਕੇ ਬੋਲਣ, ਦਵਾਈ ਤੇ ਇਲਾਜ ਵਾਸਤੇ ਵਿਲਕਦੇ ਗਰੀਬ ਰੋਗੀਆਂ ਦੀ ਪਰਵਾਹ ਨਾ ਕਰਕੇ, ਅਮੀਰ ਅਤੇ ਬਾ-ਰਸੂਖ ਵਿਅਕਤੀਆਂ ਦਾ ਛੇਤੀ ਇਲਾਜ ਕਰਨ ਅਤੇ ਸਰਕਾਰੀ ਸਟੋਰਾਂ ਵਿਚੋਂ ਅਮੀਰਾਂ ਨੂੰ ਮੁਫਤ ਦਵਾਈਆਂ ਦੇਣ ਦੇ ਕੋਝੇ ਤੇ ਗ਼ੈਰ-ਮਨੁੱਖੀ ਢੰਗ ਤੇ ਅਥਰੂ ਵਹਾਏ ਹਨ।

ਸਰਕਾਰੀ ਹਸਪਤਾਲ ਆਮ ਤੇ ਵਿਸ਼ੇਸ਼ ਕਰਕੇ ਗਰੀਬ ਲੋਕਾਂ ਦੇ ਇਲਾਜ ਲਈ ਖੋਲ੍ਹੇ ਜਾਂਦੇ ਹਨ, ਪਰ ਭਾਰਤੀ ਹਸਪਤਾਲਾਂ ਨੂੰ ਕਈ ਲੋਕਾਂ ਦਾ ਬੁਚੜਖ਼ਾਨਾ ਕਹਿਣਾ ਸੁਭਾਵਿਕ ਹੀ ਠੀਕ ਕਿਹਾ ਜਾ ਸਕਦਾ ਹੈ। ਕਈ ਕਈ ਦਿਨ ਹਸਪਤਾਲਾਂ ਦੇ ਵਾਰਡਾਂ ਵਿਚ ਜਾ ਕੇ ਰੋਗੀਆਂ ਨੂੰ ਤੜਫਦਾ ਵੇਖਿਆ ਹੈ, ਪਾਣੀ ਲਈ ਤਰਸਦੇ, ਦਵਾਈ ਖੁਣੋਂ ਕੁਰਲਾਂਦੇ ਅਤੇ ਹਮਦਰਦੀ ਦੇ ਦੋ ਲਫ਼ਜ਼ ਸੁਣਨ ਵਾਸਤੇ ਵਿਲਕਦੇ ਰੋਗੀਆਂ ਦੀਆਂ ਅਵਾਜ਼ਾਂ ਡਾਕਟਰ ਨਰਸਾਂ, ਸਿਖਾਂਦਰੂ ਡਾਕਟਰਾਂ ਤੇ ਡਾਕਟਰਾਨੀਆਂ ਦੇ ਆਪਸੀ ਠਠੇ ਮਖ਼ੌਲਾਂ ਵਿਚ ਗੁੰਮ ਹੁੰਦੀਆਂ ਵੇਖੀਆਂ ਹਨ। ਅਪਰੇਸ਼ਨ ਥੀਏਟਰ ਵਿਚ ਡਾਕਟਰ ਦੀ ਛੁਰੀ ਹੇਠ ਲੇਟੇ ਰੋਗੀਆਂ ਦੇ ਰਿਸ਼ਤੇਦਾਰਾਂ ਨੂੰ ਡਾਕਟਰ ਦੀ ਖ਼ੁਸ਼ਾਮਦ ਦੇ ਨਾਲ ਨੋਟਾਂ ਦੇ ਚੜ੍ਹਾਵੇ ਚਾੜ੍ਹਦੇ ਜਦੋਂ ਵੇਖਦੇ ਹਾਂ ਤਾਂ ਡਾਕਟਰ ਇਕ ਜਲਾਦ ਦਾ ਰੂਪ ਵਿਖਾਈ ਦੇਣ ਲਗ ਪੈਂਦਾ ਹੈ ਤੇ ਦਿਲ ਕਰਦਾ ਹੈ ਕਿ ਏਸ 'ਰਾਮ ਰਾਜ' ਵਿਚੋਂ ਨਸ ਜਾਈਏ, ਨਾਸਤਕਾਂ ਦੀ ਦੁਨੀਆ ਵਿਚ ਚਲ ਵਸੀਏ, ਜਿਥੇ ਘਟੋ ਘਟ ਇਹ ਤਸੱਲੀ ਤੇ ਹੋਵੇਗੀ ਕਿ ਮਨੁੱਖ ਨੂੰ ਮਨੁੱਖ ਨਹੀਂ ਖਾਏਗਾ, ਕੋਈ ਮਨੁਖੀ ਜਜ਼ਬਿਆਂ ਨਾਲ ਤਾਂ ਨਹੀਂ ਖੇਡੇਗਾ।

ਡਾਕਟਰ ਇਕ ਅਜਿਹਾ ਪੇਸ਼ਾ ਹੈ ਜਿਸ ਰਾਹੀਂ ਸਮੁਚੀ ਮਨੁਖ ਮਾਤ੍ਰ ਦੀ ਸੱਚੀ ਸੇਵਾ ਹੋ ਸਕਦੀ ਹੈ ਤੇ ਡਾਕਟਰ ਰੱਬ ਦਾ ਰੂਪ ਸਮਝ ਕੇ ਪੂਜਿਆ ਜਾ ਸਕਦਾ ਹੈ। ਜੇ ਡਾਕਟਰ ਨਿਸ਼ਕਾਮ, ਨਿਰਛਲ ਤੇ ਹਮਦਰਦ ਬਣ ਕੇ ਲੋਕਾ ਦਾ ਇਲਾਜ ਕਰਨਾ ਆਪਣਾ ਕਰਤਵ ਸਮਝ ਲੈਣ, ਮਨੁਖੀ ਸੇਵਾ ਆਪਣਾ ਆਦਰਸ਼ ਬਣਾ ਲੈਣ ਤਾਂ ਭਾਰਤ ਦਾ ਨਕਸ਼ਾ ਹੀ ਬਦਲ ਜਾਏ। ਦੁਖ, ਮੁਸੀਬਤਾਂ ਤੇ ਬਿਮਾਰੀਆਂ ਏਡੀਆਂ ਭਾਰੀਆਂ ਅਤੇ ਮਾਰੂ ਨਾ ਜਾਪਣ, ਹਸਪਤਾਲਾਂ ਦਾ ਵਾਤਾਵਰਨ ਸੁਹਾਵਣਾ ਹੋ ਜਾਏ, ਰੋਗੀਆਂ ਦੀਆਂ ਚੀਕਾਂ ਬੰਦ ਹੋ ਜਾਣ, ਉਹਨਾਂ ਦੇ ਚੇਹਰਿਆਂ ਤੇ ਰੌਣਕ ਆ ਜਾਏ।

ਪਰ ਅਜ ਦਾ ਡਾਕਟਰ ਮੁਹੱਜ਼ਬ, ਕਾਨੂੰ ਤੇ ਸਜਨ ਠੱਗ ਵਿਖਾਈ ਦੇਂਦਾ ਹੈ। ਉਸ ਦੇ ਕੰਮ ਮਲਕ ਭਾਗੋ ਨੂੰ ਭੀ ਮਾਤ ਪਾ ਗਏ ਹਨ। ਭਾਰਤੀ ਡਾਕਟਰਾਂ ਦੀ ਇਕੋ ਹਵਸ ਇਹ ਹੈ ਕਿ ਵਧ ਤੋਂ ਵਧ ਕਮਾਈ ਕੀਤੀ ਜਾਏ, ਕੋਠੀਆਂ ਤੇ ਸ਼ਾਨਦਾਰ ਕਾਰਾਂ ਹੋਣ। ਇਸ ਖ਼ਾਹਸ਼ ਨੂੰ ਪੂਰਾ ਕਰਨ

www.AKJ.Org

ਲਈ ਡਾਕਟਰਾਂ ਦੇ ਦਿਲਾਂ ਵਿਚੋਂ ਰਹਿਮ, ਰੱਬ ਦਾ ਡਰ ਤੇ ਲੋਕ-ਸੇਵਾ ਦਾ ਜਜ਼ਬਾ ਉਡ ਚੁਕਾ ਹੈ। ਉਹ ਮੁਰਦਿਆਂ ਦੀ ਫ਼ੀਸ ਵਸੂਲ ਕਰਨੋਂ ਵੀ ਨਹੀਂ ਸ਼ਰਮਾਂਦੇ ਤੇ ਨਹੀਂ ਝਿਜਕਦੇ। ਗਰੀਬ ਲੋਕਾਂ ਦੀ ਛਿਲ ਉਤਾਰਨਾ ਵੀ ਬੁਰਾ ਨਹੀਂ ਸਮਝਦੇ। ਵੇਲੇ ਕੁਵੇਲੇ ਡਾਕਟਰੀ ਸਹਾਇਤਾ ਦੀ ਲੋੜ ਪੈ ਜਾਏ ਤਾਂ ਇਕ ਗਰੀਬ ਤੇ ਅਨਜਾਣ ਸਧਾਰਨ ਵਿਅਕਤੀ ਲਈ ਮੁਸੀਬਤ ਬਣ ਜਾਂਦੀ ਹੈ। ਕਈ ਕਈ ਘੰਟੇ ਡਾਕਟਰ ਕੋਈ ਬਹੁੜਦਾ ਹੀ ਨਹੀਂ। ਨਤੀਜੇ ਵਜੋਂ ਕਈ ਰੋਗੀ ਤਾਂ ਤੜਫ ਤੜਫ ਕੇ ਰਬ ਨੂੰ ਪਿਆਰੇ ਹੋ ਜਾਂਦੇ ਹਨ, ਜਾਂ ਹਮੇਸ਼ਾਂ ਲਈ ਨਾਕਾਰਾ ਹੋ ਜਾਂਦੇ ਹਨ।

ਡਾਕਟਰ ਲੋਕ ਸੇਵਾ ਕਰਦੇ ਹੋਏ ਵੀ ਰਸੂਖ਼, ਮਾਣ ਇਜ਼ਤ ਤੇ ਧਨ ਕਮਾ ਸਕਦੇ ਹਨ। ਇਕ ਨਿਰਮਾਣ ਤੇ ਨਿਸ਼ਕਾਮ ਡਾਕਟਰ ਨੂੰ ਕਿਸੇ ਗੱਲ ਦਾ ਅਟਕਾ ਨਹੀਂ ਰਹਿ ਸਕਦਾ। ਰੋਗੀਆਂ ਦੀਆਂ ਅਸੀਸਾਂ ਨਾਲ ਹੀ ਸਭ ਕੁਝ ਪਰਾਪਤ ਹੋ ਜਾਏਗਾ। ਧਨ ਕੀ ਚੀਜ਼ ਹੈ? ਡਾਕਟਰ ਦੇਵਤਾ ਰੂਪ ਸਮਝਿਆ ਜਾਏਗਾ। ਲਕਸ਼ਮੀ ਉਸ ਦੇ ਘਰ ਦੀ ਦਾਸੀ ਬਣ ਕੇ ਰਹੇਗੀ। ਲੋੜ ਇਸ ਗੱਲ ਦੀ ਹੈ ਕਿ ਡਾਕਟਰ ਆਪਣੇ ਆਪ ਨੂੰ ਲੋਕ-ਸੇਵਕ ਸਮਝਣ, ਨਿਸ਼ਕਾਮ ਹੋ ਕੇ ਇਲਾਜ ਕਰਨ, ਮਨੁੱਖਾਂ ਵਾਲੀ ਕ੍ਰਿਤ ਕਮਾਈ ਕਰਨ। ਉਹਨਾਂ ਦੀਆਂ ਕੋਠੀਆਂ ਭੀ ਬਣਨਗੀਆਂ ਤੇ ਕਾਰਾਂ ਭੀ ਚਲਣਗੀਆਂ। ਸਭ ਤੋਂ ਵਧੀਕ ਉਹਨਾਂ ਦੇ ਦਿਲ ਵਿਚ ਅਥਾਹ ਸ਼ਾਂਤੀ, ਸੰਤੁਸ਼ਟਤਾ ਅਤੇ ਸੰਤੋਖ ਦਾ ਜਜ਼ਬਾ ਭਰ ਜਾਏਗਾ, ਜੋ ਪਰਮ ਮਨੁੱਖ ਦੀ ਖ਼ਾਸ ਖ਼ੂਬੀ ਹੁੰਦਾ ਹੈ।

[ਗੁਰਮਤਿ ਵਿਚਾਰ ਪੱਤ੍ਰਕਾ, ੧੫-੬-੭੫

---

# ਧਰਮ-ਪਰਚਾਰ ਜਾਂ ਫ਼ਿਲਮੀ ਪਰਚਾਰ

ਸੰਪਾਦਿਕ ਨੂੰ 'ਗੁਰਮਤਿ ਵਿਚਾਰ ਪਤ੍ਰਕਾ' ਦੇ ਇਕ ਪਾਠਕ ਸਜਣ ਨੇ 'ਅਕਾਲੀ ਪਤਰਕਾ' ਜਲੰਧਰ ਦੇ ਮੈਨੇਜਿੰਗ ਡਾਇਰੈਕਟਰ ਸ: ਅਮਰ ਸਿੰਘ ਜੀ ਦੁਸਾਂਝ ਦਾ ਲੇਖ 'ਸਿਖੀ ਕੀ ਹੈ' ੭ ਅਗਸਤ ੧੯੭੪ ਦਾ ਕਟਿੰਗ ਅਤੇ ੨੧ ਮਈ ੧੯੭੫ ਦੇ ਫ਼ਿਲਮੀ ਐਡੀਸ਼ਨ ਵਿਚ ਛਪੀਆਂ ਕੁਝ ਨੰਗੀਆਂ ਤਸਵੀਰਾਂ ਕਟ ਕੇ ਭੇਜੀਆਂ ਹਨ। ਇਸ ਦੇ ਨਾਲ ਇਹ ਅਖਰ ਲਿਖੇ ਹਨ, "ਕੀ ਸ: ਦੁਸਾਂਝ ਜੀ ਦੀ ਪਰਚਾਰੀ ਸਿਖੀ ਇਹੋ ਹੈ?

ਅਸੀਂ ਆਪਣੇ ਪਾਠਕ ਸਜਣ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਅਸੀਂ ਛੇ ਸਾਲਾਂ ਤੋਂ ਫ਼ਿਲਮੀ ਗੰਦ ਦੀ ਵਿਰੋਧਤਾ ਕਰਦੇ ਆ ਰਹੇ ਹਾਂ ਤੇ ਕਈ ਵਾਰੀ, ਖ਼ਾਸ ਕਰ ਕੇ ਪੰਥਕ ਹੋਣ ਦਾ ਦਾਅਵਾ ਕਰਨ ਵਾਲੀਆਂ ਅਖ਼ਬਾਰਾਂ ਦੇ ਸੰਪਾਦਿਕਾਂ ਦਾ ਧਿਆਨ ਇਸ ਪਾਸੇ ਵਲ ਦਿਵਾਇਆ ਹੈ। ਪਰ ਉਹਨਾਂ ਇਸ ਪਾਸੇ ਵਲ ਕੋਈ ਧਿਆਨ ਨਹੀਂ ਦਿਤਾ। ਪੰਜਾਬੀ ਦੀਆਂ ਸਿਖ ਅਖ਼ਬਾਰਾਂ ਸਿਖ-ਘਰਾਂ ਵਿਚ ਜਾਂਦੀਆਂ ਹਨ। ਨੰਗੀਆਂ ਤੇ ਅਸ਼ਲੀਲ ਤਸਵੀਰਾਂ ਵੇਖ ਕੇ ਸਿਖ ਬੱਚਿਆਂ ਦੇ ਜੀਵਨ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਪਰ ਅਫ਼ਸੋਸ ਹੈ ਕਿ ਸਿਖ ਧਰਮ ਦਾ ਦਾਅਵਾ ਕਰਨ ਵਾਲੇ ਹੀ ਆਪਣੀਆਂ ਅਖ਼ਬਾਰਾਂ ਵਿਚ ਫ਼ਿਲਮੀ ਗੰਦ ਦਾ ਪਰਚਾਰ ਕਰਨ ਵਲੋਂ ਵੀ ਸੰਕੋਚ ਨਹੀਂ ਕਰਦੇ। ਅਸੀਂ ਸ: ਦੁਸਾਂਝ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਤੁਸੀਂ ਸਿਖ ਕੌਮ ਦੇ ਬੱਚਿਆਂ ਅਤੇ ਬੱਚੀਆਂ ਉਤੇ ਤਰਸ ਕਰੋ ਤੇ ਫ਼ਿਲਮੀ ਐਡੀਸ਼ਨਾਂ ਰਾਹੀਂ ਫ਼ਿਲਮੀ ਗੰਦ ਦਾ ਪ੍ਰਚਾਰ ਬੰਦ ਕੀਤਾ ਜਾਏ। ਸਿਖੀ ਦਾ ਆਦਰਸ਼ ਇਹ ਨਹੀਂ। ਮਾਇਆ ਇਕੱਤਰ ਕਰਨ ਦੇ ਹੋਰ ਕਈ ਢੰਗ ਹਨ। ਜੇ ਅਜਿਹਾ ਨਹੀਂ ਕਰ ਸਕਦੇ ਤਾਂ ਸਿਖੀ ਅਤੇ ਸਿਖ ਧਰਮ ਬਾਰੇ ਲੇਖ ਲਿਖਣੇ ਜਾਂ ਧਰਮ ਪਰਚਾਰ ਲਈ ਵਖਿਆਨ ਕਰਨ ਦਾ ਕੋਈ ਅਰਥ ਨਹੀਂ ਰਹਿੰਦਾ। ਕੋਈ ਲਾਭ ਜਾਂ ਪਰਭਾਵ ਨਹੀਂ ਪੈਂਦਾ।

[ਗੁਰਮਤਿ ਵਿਚਾਰ ਪੱਤ੍ਰਕਾ, ਜਲੰਧਰ

www.AKJ.Org

# ਕੂਕਿਆਂ ਦੇ ਕੁਫ਼ਰ ਵਿਰੁਧ ਗੁਰਸਿਖ ਸੰਗਤਾਂ ਦਾ ਜੋਸ਼

ਕੂਕਿਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਅਡ ਅਡ ਕਰ ਕੇ ਪਾਠ ਕਰਨ ਦੇ ਢੌਂਗ ਵਿਰੁਧ, 'ਸੂਰਾ' ਮਾਸਕ ਪੱਤਰ ਵਲੋਂ ਇਕ ਸਪਲੀਮੈਂਟਰੀ ਲੇਖ "ਕੂਕਿਆਂ ਦਾ ਕੁਫ਼ਰ" ਛਾਪਿਆ ਗਿਆ ਸੀ, ਜਿਸ ਨੂੰ ਪੜ੍ਹ ਕੇ ਸੰਗਤਾਂ ਬਹੁਤ ਜੋਸ਼ ਵਿਚ ਆਈਆਂ। ਇਸ ਸੰਬੰਧ ਵਿਚ 'ਸੂਰਾ' ਦਫ਼ਤਰ ਨੂੰ ਪੁਜ ਰਹੀਆਂ ਚਿਠੀਆਂ ਵਿਚੋਂ ਦੋ ਚਿਠੀਆਂ ਦੀਆਂ ਕੁਝ ਸਤਰਾਂ ਦਾ ਨਮੂਨਾ ਸੰਗਤਾਂ ਦੀ ਜਾਣਕਾਰੀ ਲਈ ਹਾਜ਼ਰ ਹੈ –

(੧) ਦਾਸ ਨੂੰ ੧੩ ਤਰੀਕ ਵਾਲਾ ਭੇਜਿਆ ਸੁਨੇਹਾ 'ਕੂਕਿਆਂ ਦਾ ਕੁਫ਼ਰ' ਨਾਮੀ ਮਿਲਿਆ। ਪੜ੍ਹ ਕੇ ਬਹੁਤ ਦੁਖ ਹੋਇਆ। ਇਨ੍ਹਾਂ ਪਖੰਡੀ ਲੋਕਾਂ ਮਨਮਤ ਕਰਨ ਵਾਲਿਆਂ ਨੇ ਤਾਂ ਅਤ ਚੁਕ ਲਈ ਹੈ। ਇਨ੍ਹਾਂ ਨੂੰ ਹਟਾਉਣ ਲਈ ਤਾ ਹੁਣ ਕੋਈ ਠੋਸ ਕਦਮ ਚੁਕਣਾ ਚਾਹੀਦਾ ਹੈ।... ...ਅਸੀਂ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਅਜ ਵਕਤ ਆ ਗਿਆ ਹੈ—"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ। ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ। ਮੈਂ ਆਪ, ਅਖੰਡ ਕੀਰਤਨੀ ਜਥੇ, ਟੌਹੜਾ ਸਾਹਿਬ, ਸਭ ਗੁਰਸਿਖਾਂ ਨਾਲ ਜਿਵੇਂ ਵੀ ਕਹਿਣ, ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ। ਮੈਂ ਅਤੇ ਮੇਰੇ ਪਿੰਡ ਦੇ ਸਾਥੀ ਵੀ ਜਿਵੇਂ ਵੀ ਖ਼ਾਲਸਾ ਪੰਥ ਹੁਕਮ ਦੇਵੇ, ਮੋਢੇ ਨਾਲ ਮੋਢਾ ਡਾਹ ਕੇ ਚਲਾਂਗੇ। ਅਸੀਂ ਸਭ ਖੇਤੀ ਕਰਨ ਵਾਲੇ ਜਟ ਕਿਰਤੀ ਹਾਂ। ਸਾਨੂੰ ਅਜਿਹੇ ਪ੍ਰੋਗਰਾਮਾਂ ਦਾ ਘਟ ਹੀ ਪਤਾ ਲਗਦਾ ਹੈ। ਪਿਛੇ ਜਹੇ ਅਸੀਂ ਜਥਾ ਭਿੰਡਰ ਸਮੇਤ, ਪਖੰਡੀ ਨਿਰੰਕਾਰੀ ਗੁਰੂ ਨੂੰ, ਜੋ ਘੁਮਾਣਾਂ ਜਾ ਰਿਹਾ ਸੀ, ਰਾਹ ਵਿਚ ਹੀ ਪਿੰਡ ਦੁਕੋਹਾ ਮਾਹੀ ਤੋਂ ਭਜਾਇਆ ਸੀ। ਸਭ ਗੁਰਮਤਿ ਦੇ ਵਿਰੋਧੀਆਂ ਨੂੰ ਸੋਧਣ ਲਈ ਅਸੀਂ ਹਰ ਵੇਲੇ ਤਿਆਰ ਹਾਂ।

ਦਾਸ—ਭਿੰਡਰ ਭਜਨ ਸਿੰਘ ਦੜੇ ਵਾਲੀ
ਸ੍ਰੀ ਹਰਿਗੋਬਿੰਦ ਪੁਰ

ਗੁਰੂ ਪੰਥ ਦੇ ਦਾਸ—ਨੌਆਂ ਸਜਣਾਂ ਦਾ ਦਸਖ਼ਤ ਕਰਕੇ ਇਹ ਕਾਰਡ ਲਿਖਿਆ ਹੈ, ਪੰਥ ਦਾ ਹੁਕਮ ਸਿਰ ਮੱਥੇ ਤੇ।

(੨) ਸੂਚਨਾ ਪੱਤਰ ਮਿਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਪਰਕਾਰ ਹੋ ਰਹੀ ਬੇਅਦਬੀ ਬਾਰੇ ਜਾਣ ਕੇ ਦਿਲ ਨੂੰ ਬਹੁਤ ਹੀ ਦੁਖ ਹੋਇਆ। ਅਸੀਂ ਆਪਣੇ ਆਪ ਨੂੰ ਬੜੇ ਫ਼ਖ਼ਰ ਨਾਲ ਗੁਰੂ ਕੇ ਸਿੰਘ ਕਹਿੰਦੇ ਹਾਂ, ਪਰ ਗੁਰੂ ਸਾਹਿਬ ਦੀ ਹੋਈ ਬੇਅਦਬੀ ਨੂੰ ਅਸੀਂ ਕਿਵੇਂ ਸਹਿਨ ਕਰ ਸਕਦੇ ਹਾਂ।

ਜੇ ਸ਼ਰੋਮਣੀ ਅਕਾਲੀ ਦਲ ਇਕ ਪ੍ਰੋਟੈਕਟਿਵ ਸਭਾ ਬਣਾ ਦੇਵੇ, ਜਿਸ ਨੂੰ ਕਿ ਇਹ ਹੱਕ ਹੋਵੇ ਕਿ ਉਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਬਾਰੇ ਕਾਰਵਾਈ ਕਰੇ। ਇਸ ਦੇ ਮੈਂਬਰ ਸੂਝ ਬੂਝ ਵਾਲੇ ਗੁਰਮਤਿ ਖ਼ਿਆਲਾਂ ਵਿਚ ਪਰਪੱਕ ਪੂਰਨ ਗੁਰਸਿਖ ਹੋਣ। ਉਹ ਅਚਾਨਕ ਹੀ ਸਾਰੇ ਗੁਰਦੁਆਰਿਆਂ ਦਾ ਮੁਆਇਨਾ ਕਰਨ ਅਤੇ ਉਥੇ ਹੋ ਰਹੀਆਂ ਸਾਰੀਆਂ ਮਨਮਤਾਂ ਨੂੰ ਰੋਕਣ। ਨਾਲ ਇਹ ਵੀ ਵੇਖਣ ਕਿ ਗੁਰੂ ਸਾਹਿਬ ਦੇ ਪੁਸ਼ਾਕੇ ਸਾਫ਼ ਸੁਥਰੇ ਹਨ। ਉਂਜ ਗੱਲਾਂ ਨਾਲ, ਲੇਖ ਲਿਖ ਕੇ ਅਤੇ ਸਭਾ ਸਦ ਕੇ ਕੋਈ ਗੱਲ ਨਹੀਂ ਬਣਦੀ। ਅੱਜ ਲੋੜ ਹੈ ਮਨਮਤਾਂ ਕਰਨ ਵਾਲਿਆਂ ਨੂੰ ਸੋਧਣ ਦੀ। ਗੱਲਾਂ ਬਾਤਾਂ ਨਾਲ ਇਨ੍ਹਾਂ ਨਹੀਂ ਮੰਨਣਾ, ਬਸ ਚਾਹਟਾ ਛਕਾਣ ਦੀ ਅਤ ਜ਼ਰੂਰਤ ਹੈ। ਦਾਸ ਹਰ ਤਰ੍ਹਾਂ ਨਾਲ ਪੰਥ ਦੀ ਏਕਤਾ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਰ ਸਤਿਕਾਰ ਨੂੰ ਬਰਕਰਾਰ ਰਖਣ ਲਈ ਤਿਆਰ ਬਰ ਤਿਆਰ ਹੈ।

ਦਾਸ—ਇੰਦਰਜੀਤ ਸਿੰਘ, ਬੰਬਈ-੧

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਪ੍ਰੀਤਮ ਸਿੰਘ ਜੀ, ਸਟੇਟ ਬੈਂਕ ਆਫ ਇੰਡੀਆ, ਊਧਮਪੁਰ, ਕਸ਼ਮੀਰ | ੨੫-੦੦ |
| ਸਰਦਾਰਨੀ ਹਰਬੇਲ ਸਿੰਘ ਜੀ, ਅਜੀਤ ਨਗਰ, ਅੰਮ੍ਰਿਤਸਰ | ੧੧-੦੦ |
| ਸ: ਅਜੀਤ ਸਿੰਘ ਜੀ, ਲਾਜਪਤ ਨਗਰ, ਨਵੀਂ ਦਿਲੀ | ੪-੦੦ |
| ਸ: ਭਗਤ ਸਿੰਘ ਜੀ ਖ਼ਾਲਸਾ, ਹੁਸ਼ਿਆਰਪੁਰ | ੫-੦੦ |
| ਭਾਈ ਪ੍ਰੀਤਮ ਸਿੰਘ ਜੀ, ਦਸਮੇਸ਼ ਇੰਜੀਨੀਅਰਿੰਗ ਵਰਕਸ ਦਸੂਹਾ | ੫-੦੦ |
| ਸ: ਦਰਸ਼ਨ ਸਿੰਘ ਜੀ ਦਿਲੀ ਵਲੋਂ ਉਨ੍ਹਾਂ ਦੀ ਪਤਨੀ ਬੀਬੀ ਜਗਜੀਤ ਕੌਰ ਦੀ ਸਾਲਾਨਾ ਯਾਦ ਵਿਚ | ੨੦-੦੦ |

ਸਤਿਗੁਰੂ ਪਾਤਸ਼ਾਹ ਸਭ ਪਰਵਾਰਾਂ ਨੂੰ ਗੁਰਸਿਖੀ ਜੀਵਨ ਤੇ ਚਰਨ ਕਮਲਾਂ ਦੀ ਪ੍ਰੀਤ ਬਖ਼ਸ਼ਣ।

www.AKJ.Org

# ਸੂਰਾ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

**ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**

ਐਡੀਟਰ

**ਗਿਆਨੀ ਜਸਵੰਤ ਸਿੰਘ, ਬੀ.ਏ., ਬੀ.ਟੀ.**


# ਕੂਕਿਆਂ ਦੇ ਕੁਫ਼ਰ (ਕਿਸ਼ਤ ਨੰ: ੨)

ਇਤਿਹਾਸ ਵਿਚ ਕੂਕਿਆਂ ਨੇ ਹੁਣ ਦੂਜੀ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਤਰਾ-ਪਾਠ ਦਾ ਢੌਂਗ ਰਚ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾ ਨੂੰ ਭੰਗ ਕਰਨ ਦਾ ਭਾਰੀ ਅਪਰਾਧ ਕੀਤਾ ਹੈ। ਦੀਰਘ ਦ੍ਰਿਸ਼ਟੀਕੋਣ ਤੋਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦੇ ਵਿਰੁਧ ਇਹ ਡੂੰਘੀ ਸਾਜ਼ਸ਼ ਹੈ।

ਜੁਗੋ ਜੁਗ ਅਟੱਲ, ਤਖ਼ਤ ਚਵਰ ਦੇ ਮਾਲਕ ਜਗਤ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਖੁਲ੍ਹਮ ਖੁਲ੍ਹਾ ਅਪਮਾਨ ਹੁੰਦਾ ਵੇਖ ਕੇ ਸਿਖ-ਜਗਤ ਵਿਚ ਇਕ ਤੂਫ਼ਾਨ ਉਠ ਖੜੋਤਾ, ਜਿਸ ਦੀਆਂ ਮਾਰੂ-ਛੱਲਾਂ ਤੋਂ ਭੈ-ਭੀਤ ਹੋ ਕੇ ਕੂਕਿਆਂ ਨੂੰ ਨਾਨੀ ਚੇਤੇ ਆ ਗਈ ਹੈ ਅਤੇ ਉਹਨਾਂ ਨੇ ਪਤਰਾ-ਪਾਠ ਦੇ ਪਰਦੇ ਥਲੇ ਕੀਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਦੀ ਸਾਜ਼ਸ਼ ਬੰਦ ਕਰ ਦਿਤੀ ਹੈ। ਪਰ ਇਸ ਨਾਲ ਕੂਕਾ-ਕੁਫ਼ਰ ਦਾ ਅੰਤ ਨਹੀਂ ਹੋਇਆ।

ਕੂਕਿਆਂ ਨੇ ਆਪਣੀ ਗਦੀ ਚਮਕਾਉਣ ਲਈ ਕਈ ਕੁਫ਼ਰ ਕੀਤੇ ਹਨ :—

(ੳ) ਕੂਕਿਆਂ ਨੇ ਸਿਖ ਧਰਮ ਦੇ ਮੂਲ ਮੰਤਰ ਨੂੰ ਤੋੜਨ ਫ਼ੋੜਨ ਦੀ ਹਮਾਕਤ ਕੀਤੀ ਹੈ। ਸਿਖੀ ਦੇ ਮੂਲ ਮੰਤਰ ਦਾ ਸਖਿਪਤ ਰੂਪ "੧ ਓ ਸਤਿ ਗੁਰ ਪ੍ਰਸਾਦਿ" ਹੈ, ਜਿਸ ਨੂੰ ਤੋੜ ਕੇ ਇਹ "੧ ਓ ਸਤਿਗੁਰੂ ਰਾਮ ਸਿੰਘ ਜੀ ਸਹਾਇ" ਲਿਖਦੇ ਤੇ ਉਚਾਰਦੇ ਹਨ।

(ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਕਰ-ਕਮਲਾਂ ਨਾਲ ਗੁਰਤਾ ਦਾ ਟਿੱਕਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ, ਜੁਗੋ ਜੁਗ ਅਟੱਲ ਗੁਰੂ-ਗਦੀ ਤੇ ਸਥਾਪਤ ਕੀਤਾ ਤੇ ਪੰਥ ਨੂੰ ਇਹਨਾਂ ਦੀ ਤਾਬਿਆ ਜੁਗਤ ਵਰਤਾਉਣ ਦਾ ਅਧਿਕਾਰ ਬਖ਼ਸ਼ਿਆ। ਇਸ ਦੇ ਉਲਟ ਇਹ ਆਪ-ਹੁਦਰਾ ਟੋਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਵੀਕਾਰ ਕਰਨ ਤੋਂ ਆਕੀ ਹੈ। ਤੇ ਕੇਵਲ ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਕੋਝੀ ਤੇ ਨਿੰਦਨੀਯ ਕਰਤੂਤ ਕਰਨ ਤੋਂ ਸੰਕੋਚ ਨਹੀਂ ਕਰਦਾ। ਕੂਕੇ ਸਿਖ ਧਰਮ ਦੀ ਗੁਰੂ-ਪ੍ਰਨਾਲੀ ਵਿਚ ਤੋੜ ਫੋੜ ਦਾ ਅਪਰਾਧ ਕਰ ਕੇ ਗਿਆਰਵੀਂ ਬਾਰਵੀਂ ਤੇਰਵੀਂ ਤੇ ਚੋਧਵੀਂ ਗਦੀ ਬਣਾਈ ਫਿਰਦੇ ਹਨ, ਜੋ ਕਿ ਸਿਖ ਧਰਮ ਵਿਰੁਧ ਖੁਲ੍ਹਮ ਖੁਲ੍ਹਾ ਬਗ਼ਾਵਤ ਹੈ ਅਤੇ ਪੰਥਕ ਏਕਤਾ ਨੂੰ ਖੇਰੂੰ ਖੇਰੂੰ ਕਰਨ ਦੀ ਮਾਰੂ ਤੇ ਕੋਝੀ ਸਾਜ਼ਸ਼ ਹੈ।

(ੲ) ਅਰਦਾਸ ਦੀ ਅਰੰਭਕ ਪਉੜੀ "ਪ੍ਰਿਥਮ ਭਗਉਤੀ ਸਿਮਰ ਕੈ" ਤੋਂ ਲੈ ਕੇ "ਸਭ ਥਾਈਂ ਹੋਇ ਸਹਾਇ" ਤਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ "ਪਾਤਸ਼ਾਹੀ ਦਸਵੀਂ" ਦੀ ਰਚਨਾ ਹੈ। ਕੂਕਿਆਂ ਨੇ ਆਪਣਿਆਂ ਗੁਟਕਿਆਂ ਅਤੇ ਹੋਰ ਰਚਨਾਵਾਂ ਵਿਚ ਇਸ ਦਾ ਸਿਰਲੇਖ 'ਪਾਤਸ਼ਾਹੀ ੧੨' ਲਿਖਿਆ ਹੈ, ਜੋ ਕਿ

www.AKJ.Org

ਤਾਬਿਆ, ਗੁਰਮਤਿ ਰਹਿਤ ਰਹਿਣੀ ਵਿਚ ਪ੍ਰਪੱਕ ਪੰਜ ਪਿਆਰਿਆਂ ਤੋਂ ਖੰਡੇ ਦੇ ਅੰਮ੍ਰਿਤ—ਗੁਰਮੰਤ੍ਰ ਦੀ ਦਾਤ ਪ੍ਰਾਪਤ ਕਰਨੀ ਅਤ ਜ਼ਰੂਰੀ ਹੈ। ਕੂਕੇ ਖੰਡੇ ਦੇ ਅੰਮ੍ਰਿਤ ਦੀ ਪਾਵਨ ਮਰਯਾਦਾ ਤੋਂ ਆਕੀ ਹਨ।

(ਹ) ਇਨ੍ਹਾਂ ਦੇ ਜੀਵਨ-ਸੰਸਕਾਰਾਂ ਦੀ ਮਰਯਾਦਾ ਗੁਰਮਤਿ-ਮਰਯਾਦਾ ਤੋਂ ਉਲਟ ਹੈ, ਜਿਵੇਂ ਕਿ ਅਨੰਦ ਕਾਰਜਾਂ ਸਮੇਂ ਇਹ ਕੂਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਜਾਏ ਹਵਨ-ਬੇਦੀ ਦੇ ਦੁਆਲੇ ਫੇਰੇ ਦੁਆਉਂਦੇ ਹਨ ਅਤੇ ਇਸੇ ਤਰ੍ਹਾਂ ਹੋਰ ਕਈ ਰਸਮਾਂ ਭੀ ਸਨਾਤਨੀ ਢੰਗ ਨਾਲ ਕਰਦੇ ਹਨ।

ਉਪ੍ਰੋਕਤ ਗੱਲਾਂ ਦੇ ਪੇਸ਼-ਨਜ਼ਰ ਪ੍ਰਤੱਖ ਹੈ ਕਿ ਕੂਕਿਆਂ ਨੇ ਆਪਣੀ ਗਦੀ ਕਾਇਮ ਰਖਣ ਲਈ ਅਜਿਹੇ ਪੁਠੇ ਚੱਜ-ਚਾਲੇ ਫੜੇ ਹੋਏ ਹਨ ਕਿ ਇਹ ਗੁਰੂ ਕੇ ਦੋਖੀਆਂ ਦੀ ਮੂਹਰਲੀ ਕਤਾਰ ਵਿਚ ਆ ਖੜੋਤੇ ਹਨ। ਗੁਰਤਾ ਵਿਰੁਧ ਆਪਣੀਆਂ ਕਾਲੀਆਂ ਕਰਤੂਤਾਂ ਦੇ ਕਾਰਨ ਇਹ ਕੂਕ-ਪੰਥੀਏ, ਗੁਰੂ-ਦ੍ਰੋਹੀਆਂ ਰਾਮ-ਰਾਈਆਂ, ਧੀਰ ਮਲੀਆਂ, ਮੀਣਿਆਂ ਤੇ ਮਸੰਦਾਂ ਦਾ ਹੀ ਬਦਲਵਾਂ ਰੂਪ ਹਨ। ਇਹਨਾਂ ਨੂੰ ਪੰਥ ਦੀ ਇਕ ਸੰਪਰਦਾ ਸਮਝਣਾ ਇਕ ਵਡੀ ਭੁੱਲ ਹੈ। ਪੰਥ ਦੀਆਂ ਸਾਰੀਆਂ ਸੰਪ੍ਰਦਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਤੇ ਗੁਰੂ ਸਵੀਕਾਰ ਕਰ ਕੇ ਸਤਿਕਾਰਦੀਆਂ ਹਨ, ਪਰ ਇਹ ਮੌਜੂਦਾ ਕਸੂਤ-ਪੰਥੀਏ ਕੂਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਨੂੰ ਸਵੀਕਾਰ ਕਰਨ ਤੋਂ ਬਿਲਕੁਲ ਇਨਕਾਰੀ ਹਨ, ਸਗੋਂ ਆਪਣੇ ਆਗੂ ਨੂੰ ਗੁਰੂ ਨਾਨਕ ਦੇਵ—ਗੁਰੂ ਗੋਬਿੰਦ ਸਿੰਘ ਜੀ ਦੀ ਗਦੀ ਦਾ ਵਾਰਸ ਜਤਲਾਉਂਦੇ ਹਨ।

ਆਪਣੀ ਗੁਰੂ-ਪ੍ਰਣਾਲੀ ਚਲਾਣੀ ਕੁਝ ਹੋਰ ਗੱਲ ਹੈ, ਜਿਹਾ ਕਿ ਕਈ ਹੋਰ ਡਿੰਭੀ ਗੁਰੂ ਵੀ ਚਲਾ ਰਹੇ ਹਨ, ਪਰ ਕਿਸੇ ਦੇ ਧਰਮ ਅਤੇ ਧਰਮ ਦੇ ਸੰਚਾਲਕ ਦੀ ਬੇਅਦਬੀ ਕਰਨੀ ਤੇ ਬੁਨਿਆਦੀ ਸਿਧਾਂਤਾਂ ਵਿਚ ਤੋੜ ਫੋੜ ਕਰਨੀ ਇਹ ਨਾ-ਬਖ਼ਸ਼ੇ ਜਾਣ ਵਾਲਾ ਅਪਰਾਧ ਹੈ। ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ "ਸਿਖ ਰਹਿਤ ਮਰਯਾਦਾ" ਦੇ ਟ੍ਰੈਕਟ ਵਿਚ ਸਿਖ ਦੀ ਤਾਰੀਫ਼ ਇਉਂ ਅੰਕਿਤ ਹੈ —

**"ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿਖ ਹੈ।"**

ਸਪੱਸ਼ਟ ਹੈ ਕਿ ਕੂਕੇ ਇਸ ਤਾਰੀਫ਼ (definition) ਥਲੇ ਨਹੀਂ ਆਉਂਦੇ। ਗੁਰੂ ਪਾਤਸ਼ਾਹ ਦੀ ਬਾਰ ਬਾਰ ਬੇਅਦਬੀ ਕਰਨ ਦੇ ਕਾਰਨ ਕਰੜੇ ਦੰਡ ਦੇ ਅਧਿਕਾਰੀ ਅਤੇ ਪੰਥ ਵਿਚੋਂ ਛੇਕੇ ਜਾਣ ਦੇ ਪਾਤਰ ਹਨ। ਇਹਨਾਂ ਦਾ ਅਪਰਾਧ ਭਸੌੜੀਆਂ ਦੇ ਅਪਰਾਧ ਤੋਂ ਕਿਤੇ ਵਧੇਰੇ ਹੈ।

ਸੋ ਉਪ੍ਰੋਕਤ ਸਚਿਆਈਆਂ (facts) ਨੂੰ ਮੁਖ ਰਖਦਿਆਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਕੂਕਿਆਂ ਨੂੰ ਨੋਟਿਸ ਦੇਣ ਕਿ ਉਹ ਆਪਣੀ ਕੂੜਾਵੀ ਗਦੀ ਦੇ ਕੁਫ਼ਰ ਨੂੰ ਛਡ ਕੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਸਵੀਕਾਰ ਕਰ ਕੇ ਜਨਮ ਸਫਲਾ ਕਰਨ। ਜੇ ਉਹ ਅਜਿਹਾ ਕਰਨ ਲਈ ਤਿਆਰ ਨ ਹੋਣ ਤਾਂ ਉਹਨਾਂ ਨੂੰ ਤੁਰੰਤ ਪੰਥ ਵਿਚੋਂ ਛੇਕ ਕੇ ਸਿਖ ਧਰਮ ਦੀ ਜਥੇਬੰਦੀ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਣ ਲਈ ਆਪਣੇ ਫ਼ਰਜ਼ ਦੀ ਪਾਲਨਾ ਕੀਤੀ ਜਾਵੇ।

ਇਥੇ ਇਹ ਗੱਲ ਆਖਣੀ ਅਯੋਗ ਨਹੀਂ ਹੋਵੇਗੀ ਕਿ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼: ਗੁ: ਪ੍ਰ: ਕਮੇਟੀ ਵਲੋਂ ਆਪਣੇ ਫ਼ਰਜ਼ ਦੀ ਪਛਾਣ ਵਿਚ ਕੋਤਾਹੀ ਕੀਤੀ ਗਈ ਤਾਂ ਪੰਥਕ ਜਥੇਬੰਦੀ ਦੀਆਂ ਜੜ੍ਹਾਂ ਖੋਖਲੀਆਂ ਕਰਨ ਦੀ ਜ਼ਿਮੇਵਾਰੀ ਉਹਨਾਂ ਦੇ ਸਿਰ ਹੋਵੇਗੀ।

ਇਸ ਦੇ ਨਾਲ ਹੀ ਵਿਸ਼ੇਸ਼ ਮਸਲਾ, ਜਿਸ ਵਲ ਧਿਆਨ ਦੇਣ ਦੀ ਅਤਿ ਲੋੜ ਹੈ, ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਈਵੇਟ ਛਪਾਈ ਬੰਦ ਕਰਵਾ ਕੇ ਛਪਾਈ ਦਾ ਕਾਨੂੰਨੀ ਹੱਕ ਪੰਥ ਕੋਲ ਹੋਣਾ ਜ਼ਰੂਰੀ ਹੈ।

www.AKJ.org

# ਕਰਾਮਾਤ

[ਵਲੋਂ—ਸ: ਤ੍ਰਿਲੋਚਨ ਸਿੰਘ, ਗਾਂਧੀ ਨਗਰ, ਦਿੱਲੀ]

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ
ਇਕ ਕਰਾਮਾਤ ਏ!
ਮਹਾਨ ਕਰਾਮਾਤ!!
ਆਪਣੀ ਅਥਾਹ ਤੇ ਮਹਾਨ ਸ਼ਕਤੀ ਨੂੰ
ਆਪਣੇ ਅੰਦਰ ਜਰ ਜਾਣ ਦੀ
ਤੇ
ਭਾਣਾ ਮਿੱਠਾ ਮੰਨ ਲੈਣ ਦੀ!
ਉਨ੍ਹਾਂ ਦੀ ਸ਼ਹੀਦੀ
ਇਕ ਵੰਗਾਰ ਹੈ
ਵੰਗਾਰ :—
"ਪਹਿਲਾ ਮਰਣੁ ਕਬੂਲਿ ਜੀਵਣ ਦੀ ਛਡਿ ਆਸ" ਦੀ,
ਕਿਉਂਕਿ —
ਪਰਉਪਕਾਰੀ ਜੀਵਣ ਜੀਣ ਲਈ ਜੂਝਣਾ ਪੈਂਦਾ ਏ!
ਜ਼ੁਲਮ ਨਾਲ
ਭਾਵੇਂ ਉਹ ਹੋਵੇ ਸਰਕਾਰ ਵਲੋਂ ਜਾਂ ਹੋਵੇ ਸਮਾਜ ਵਲੋਂ
ਖਿੜੇ ਮਥੇ ਸਹਿਣੀਆਂ ਪੈਂਦੀਆਂ ਨੇ ਸਖ਼ਤੀਆਂ
ਤੇ ਜਾਨ ਤਲੀ ਤੇ ਧਰਨੀ ਪੈਂਦੀ ਏ!
ਗੁਰੂ ਸਾਹਿਬ ਨੇ ਦੇ ਕੇ ਸ਼ਹੀਦੀ
ਖੋਲ੍ਹ ਦਿਤਾ ਇਕ ਰਾਹ :—
'ਜੀਵਣ' ਲਈ 'ਮਰਨ' ਦਾ।
ਹਾਂ
'ਸ਼ਹੀਦੀ' ਪਾ ਕੇ 'ਅਮਰ' ਹੋਣ ਦਾ!
ਫਿਰ ਇਸ ਰਾਹ ਉਤੇ ਟੁਰ ਪਏ ਸ਼ਹੀਦਾਂ ਦੇ ਕਾਫ਼ਲੇ,
ਟੁਰਦੇ ਰਹੇ — ਟੁਰਦੇ ਰਹਿਣਗੇ!
ਕਿਉਂਕਿ ਬਾਣੀ ਗੂੰਜਦੀ ਰਹੇਗੀ
ਦੇਂਦੀ ਰਹੇਗੀ ਪੈਗਾਮ
"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥"
ਸੁਣੀਂਦੀ ਰਹੇਗੀ ਇਹ ਆਵਾਜ਼ :—
"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥"
ਸੁਣ ਕੇ ਇਹ ਆਵਾਜ਼
ਲੈ ਕੇ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਪ੍ਰੇਰਨਾ
ਫਿਰ ਕਾਫ਼ਲੇ ਬਣ ਜਾਣਗੇ।
ਇਸੇ ਸ਼ਹੀਦੀ ਰਾਹ ਤੇ ਤੁਰਨ ਲਈ
ਕਿਉਂਕਿ ਇਹਦੇ ਵਿਚ ਅਨੰਦ ਹੈ :
"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥"

---

# ਅਨੇਕਾਂ ਲੋਕਾਂ ਦਾ ਸ਼ਰਾਬ ਮਾਸ ਤਿਆਗਣ ਦਾ ਪ੍ਰਣ

ਕਰਮਸਰ ਤੋਂ ਸ: ਗੁਰਦਿਆਲ ਸਿੰਘ ਜੀ ਲਿਖਦੇ ਹਨ ਕਿ ਵਿਸਾਖੀ ਦਾ ਪੁਰਬ ਮਨਾਣ ਲਈ ਲੁਧਿਆਣੇ ਤੋਂ ੧੫ ਮੀਲ ਦੂਰ ਕਰਮਸਰ ਸਾਹਿਬ (ਰਾੜ੍ਹਾ ਸਾਹਿਬ) ਵਿਖੇ ੧੩ ਅਪ੍ਰੈਲ ਨੂੰ ਡੇਢ ਲਖ ਨਰ-ਨਾਰੀਆਂ ਦੀ ਇਕੱਤ੍ਰਤਾ ਵਿਚ ਗੁਰਬਾਣੀ ਦਾ ਕੀਰਤਨ ਉਪਦੇਸ਼ ਹੋਇਆ। ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਨੁਖਤਾ ਲਈ ਪਰ-ਉਪਕਾਰ, ਧਰਮ ਤੇ ਆਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਬਾਰੇ ਵਿਸ਼ੇਸ਼ ਤੌਰ ਤੇ ਵਰਨਣ ਕੀਤਾ।

ਆਪ ਜੀ ਨੇ ਫ਼ੁਰਮਾਇਆ ਕਿ ਅੰਮ੍ਰਿਤ ਦੀ ਦਾਤ ਨੂੰ ਸਵੱਛ ਬਰਤਨ ਵਿਚ ਪੁਆਓ, ਅੰਮ੍ਰਿਤ-ਅਭਿਲਾਸ਼ੀਆਂ ਲਈ, ਪ੍ਰਭੂ-ਮਿਲਾਪ ਦੇ ਮਾਰਗ ਦੇ ਪਾਂਧੀਆਂ ਲਈ ਸ਼ਰਾਬ, ਮਾਸ ਅਤੇ ਤਮਾਕੂ ਦਾ ਤਿਆਗ ਪਹਿਲੀ ਸ਼ਰਤ ਹੈ। ਭਾਵੇਂ ਦਸਮੇਸ਼ ਜੀ ਦੀ ਪਹਿਲੀ ਸ਼ਰਤ "ਸਿਰੁ ਧਰਿ ਤਲੀ ਗਲੀ ਮੇਰੀ ਆਉ", ਤਥਾ 'ਪਹਿਲਾਂ ਮਰਣੁ ਕਬੂਲਿ' ਕਠਨ ਸ਼ਰਤ ਹੈ; ਪਰ ਜੋ ਸ਼ਰਾਬ ਮਾਸ ਆਦਿਕ ਦਾ ਹੀ ਤਿਆਗ ਨਹੀਂ ਕਰ ਸਕਦੇ, ਜੂਆ, ਚੋਰੀ, ਪਰ-ਇਸਤ੍ਰੀ-ਗਮਨ ਆਦਿਕ ਪਾਪ ਕਰਮ ਹੀ ਤਿਆਗ ਨਹੀਂ ਸਕਦੇ ਉਹ ਸੀਸ ਕਿਵੇਂ ਵਾਰ ਸਕਦੇ ਹਨ। ਇਸ ਤਾੜਨਾ ਭਰੇ ਪਿਆਰ ਉਪਦੇਸ਼ ਕਾਰਨ ਅਨੇਕਾਂ ਲੋਕਾਂ ਨੇ ਸ਼ਰਾਬ ਅਤੇ ਮਾਸ ਦੀ ਵਰਤੋਂ ਨਾ ਕਰਨ ਦਾ ਪ੍ਰਣ ਕੀਤਾ। ਵੈਸਾਖੀ ਵਾਲੇ ਦਿਨ ੪੫੫ ਵਿਅਕਤੀਆਂ ਨੇ ਅੰਮ੍ਰਿਤ ਪਾਨ ਕੀਤਾ।

[ਗੁਰਮਤਿ ਵਿਚਾਰ ਪੱਤ੍ਰਕਾ, ਜਲੰਧਰ

www.AKJ.Org

# ਮੈਨਪੁਰੀ ਵਿਖੇ ਅਖੰਡ ਕੀਰਤਨ ਦੇ ਅਦੁਤੀ ਸਮਾਗਮ

ਸੰਗਤਾਂ ਦੀ ਸੇਵਾ ਵਿਚ ਬਿਨੇ ਹੈ ਕਿ ਮੈਨਪੁਰੀ ਵਿਖੇ ਹੇਠ ਦਿਤੇ ਪ੍ਰੋਗਰਾਮ ਅਨੁਸਾਰ ਅਖੰਡ ਕੀਰਤਨ ਦੇ ਅਦੁਤੀ ਸਮਾਗਮ ਹੋ ਰਹੇ ਹਨ, ਜਿਸ ਵਿਚ ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਦਿੱਲੀ, ਆਗਰਾ, ਬਰੇਲੀ, ਇਟਾਵਾ, ਪੰਜਾਬ ਆਦਿ ਤੋਂ ਪੁਜ ਰਹੇ ਹਨ। ਬੀਬੀਆਂ ਤੇ ਵੀਰਾਂ ਦੇ ਅਖੰਡ ਕੀਰਤਨੀ ਜਥੇ ਸਤਿਗੁਰੂ ਦੀ ਗੋਦ ਵਿਚ ਸਜ ਕੇ ਕੀਰਤਨ ਦੇ ਛਾਂਦੇ ਛਕਣ ਛਕਾਉਣਗੇ। ਆਪ ਜੀ ਸਹਿਤ ਪਰਵਾਰਾਂ ਦੇ ਦਰਸ਼ਨ ਦਿਓ ਅਤੇ ਅਨੰਦ ਮਾਣ ਕੇ ਜਨਮ ਸਫਲਾ ਕਰੋ ਜੀ।

— ਪ੍ਰੋਗਰਾਮ —

੧੨-੭-੭੫ ਸ਼ਨੀਵਾਰ ਸਵੇਰੇ ੫ ਤੋਂ ੧੧ ਕੀਰਤਨ ਆਸਾ ਦੀ ਵਾਰ ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਕਾਲੋਨੀ ਵਿਖੇ।
ਦੁਪਹਿਰ ੨ ਵਜੇ ਅੰਮ੍ਰਿਤ-ਸਿੰਚਾਰ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ।
ਰਾਤ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ ਜਿਸ ਦੇ ਭੋਗ ੧੩-੭-੭੫ ਨੂੰ ਸਵੇਰੇ ਪੈਣਗੇ।

ਦਰਸ਼ਨ ਅਭਿਲਾਖੀ ਦਾਸਰੇ, ਅਖੰਡ ਕੀਰਤਨੀ ਜਥਾ, ਮੈਨਪੁਰੀ (ਯੂ. ਪੀ.)

ਪੁੱਛ ਗਿੱਛ—ਸ: ਮਾਲਿਕ ਸਿੰਘ, ਸਕੱਤਰ ਗੁ: ਗੁਰੂ ਨਾਨਕ ਸਿੰਘ ਸਭਾ, ਸਟੇਸ਼ਨ ਰੋਡ, ਪੰਜਾਬੀ ਕਾਲੋਨੀ, ਮੈਨਪੁਰੀ

# ਰਿਸ਼ਤੇ ਨਾਤੇ

**ਫ਼ਾਰਮ ਨੰਬਰ ੨੫**—ਇਕ ਅੰਮ੍ਰਿਤਧਾਰੀ ਸਿੰਘ, ਉਮਰ ੨੪ ਸਾਲ, ਕਦ ਸਾਢੇ ਪੰਜ ਫ਼ੁਟ, ਇਲੈਕਟ੍ਰੀਸ਼ਨ, ਤਨਖ਼ਾਹ ੩੫੦ ਰੁਪਏ, ਲਈ ਅੰਮ੍ਰਿਤਧਾਰੀ ਮੈਟ੍ਰਿਕ ਪਾਸ ਜਾਂ ਸਰਵਿਸ ਕਰਦੀ ਗੁਰਸਿਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੨੬**—ਇਕ ਅੰਮ੍ਰਿਤਧਾਰੀ ਬੀਬੀ, ਉਮਰ ੨੭ ਸਾਲ, ਕਦ ਸਵਾ ਪੰਜ ਫ਼ੁਟ, ਮੈਟ੍ਰਿਕ, ਗਿਆਨੀ, ਓ. ਟੀ. ਪਾਸ ਤੇ ਸਿਲਾਈ ਕਢਾਈ ਤੋਂ ਜਾਣੂ ਲਈ ਅੰਮ੍ਰਿਤਧਾਰੀ ਗੁਰਸਿਖ ਬੱਚੇ ਦੀ ਲੋੜ ਹੈ।

**ਫ਼ਾਰਮ ਨੰਬਰ ੨੭**—ਇਕ ਅੰਮ੍ਰਿਤਧਾਰੀ ਫ਼ੌਜੀ ਸਿੰਘ, ਉਮਰ ੨੪ ਸਾਲ, ਕਦ ਛੇ ਫ਼ੁਟ. ਤਨਖ਼ਾਹ ੨੪੨ ਰੁਪਏ, ਲਈ ਇਕ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੨੮**—ਇਕ ਸਿਖ ਬੀਬੀ, ਉਮਰ ੨੭ ਸਾਲ, ਕਦ ਸਵਾ ਪੰਜ ਫ਼ੁਟ, ਐਮ. ਏ., ਐਮ. ਐਡ., ਲੈਕਚਰਾਰ, ਤਨਖ਼ਾਹ ੮੫੦ ਰੁਪਏ, ਲਈ ਯੋਗ ਵਰ ਦੀ ਲੋੜ ਹੈ।

# ਜ਼ਰੂਰੀ ਬੇਨਤੀਆਂ

੧. ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਅਤੇ ਪੂਰਾ ਸਿਰਨਾਵਾਂ ਲਿਖੋ। ਆਪ ਦਾ ਚਿਟ ਨੰਬਰ ਹਰ ਪਰਚੇ ਦੇ ਉਪਰ ਲਿਖੇ ਸਿਰਨਾਵੇਂ ਤੋਂ ਪਹਿਲਾਂ ਲਿਖਿਆ ਹੁੰਦਾ ਹੈ।

੨. ਚੰਦਾ ਮਨੀਆਰਡਰ ਰਾਹੀਂ ਭੇਜੋ. ਚੈਕ ਭੇਜਣਾ ਹੋਵੇ ਤਾਂ ਤਿੰਨ ਰੁਪਏ ਵਾਧੂ ਬੈਂਕ ਦੇ ਖ਼ਰਚੇ ਲਈ ਭੇਜੋ।

੩. ਪਰਚਾ ਨਾ ਪੁਜੇ ਤਾਂ ਉਸੇ ਮਹੀਨੇ ਦੀ ੧੫ ਤਰੀਕ ਤਕ ਕਾਰਡ ਲਿਖੋ, ਦੁਬਾਰਾ ਭੇਜ ਦਿਆਂਗੇ।

ਚਿੱਠੀ ਪੱਤਰ ਅਤੇ ਮਿਲਣ ਦਾ ਪਤਾ —

www.AKJ.Org

ਮੈਨੇਜਰ, ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕਟੜਾ ਚੜ੍ਹਤ ਸਿੰਘ, ਅੰਮ੍ਰਿਤਸਰ